ਸੁਖਵਿੰਦਰ

ਮਾਰਕਸਵਾਦ ਅਤੇ ਜਾਤ ਦਾ ਸਵਾਲ

ਮਾਰਕਸਵਾਦ ਅਤੇ ਜਾਤ ਦਾ ਸਵਾਲ

ਲੇਖਕ

ਸੁਖਵਿੰਦਰ



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਹਿਲੀ ਵਾਰ — ਸਤੰਬਰ 2011

ਟਾਈਟਲ ਕਵਰ — ਰਾਮਬਾਬੂ

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ-ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ-226006

ਕੀਮਤ : 20 ਰੁਪਏ

(ਇਹ ਪੇਪਰ ਮੂਲ ਰੂਪ ਵਿੱਚ 19 ਦਸੰਬਰ, 2010 ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਉਪਰੋਕਤ ਵਿਸ਼ੇ 'ਤੇ ਹੋਈ ਵਿਚਾਰ ਗੋਸ਼ਟੀ ਵਿੱਚ ਪੇਸ਼ ਕੀਤਾ ਗਿਆ ਸੀ। ਗੋਸ਼ਟੀ ਵਿੱਚ ਇਸ ਪੇਪਰ 'ਤੇ ਭਰਵੀਂ ਵਿਚਾਰ ਚਰਚਾ ਹੋਈ। ਜਿਸ ਦੌਰਾਨ ਇਸ ਪੇਪਰ ਵਿੱਚ ਕਈ ਤਰੁਟੀਆਂ ਸਾਹਮਣੇ ਆਈਆਂ ਅਤੇ ਕਈ ਨੁਕਤਿਆਂ ਨੂੰ ਵਧੇਰੇ ਵਿਸਤਾਰਨ ਦੀ ਲੋੜ ਮਹਿਸੂਸ ਹੋਈ। ਹੱਥਲੇ ਪੇਪਰ ਵਿੱਚ ਇਹ ਘਾਟਾਂ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।)

ਮਾਰਕਸਵਾਦ ਅਤੇ ਜਾਤ ਦਾ ਸਵਾਲ

ਭਾਰਤ ਦੇ ਲੋਕਾਂ ਦੀ ਜਾਤਾਂ ਵਿੱਚ ਵੰਡ ਇਸ ਨੂੰ ਪੂਰੀ ਦੁਨੀਆਂ 'ਚ ਇੱਕ ਵਿਲੱਖਣ ਸਮਾਜ ਬਣਾਉਂਦੀ ਹੈ। ਸਦੀਆਂ ਤੋਂ ਭਾਰਤੀ ਲੋਕਾਂ ਦੀ ਜਾਤੀ ਵੰਡ ਆਪਣਾ ਰੂਪ ਬਦਲਦੀ ਹੋਈ ਅੱਜ ਵੀ ਬਰਕਰਾਰ ਹੈ। ਅੱਜ ਵੀ ਇੱਥੇ ਕਰੋੜਾਂ ਲੋਕਾਂ ਨੂੰ ਜਾਤ ਅਧਾਰਤ ਜਬਰ, ਦਾਬਾ, ਜਿੱਲਤ, ਅਪਮਾਨ ਝੱਲਣਾ ਪੈ ਰਿਹਾ ਹੈ। ਜਮਾਤੀ ਵੰਡ ਦੇ ਨਾਲ਼ ਨਾਲ਼ ਭਾਰਤੀ ਸਮਾਜ ਦੀ ਕਬਾਇਲੀਆਂ, ਗੈਰ-ਕਬਾਇਲੀਆਂ 'ਚ ਵੰਡ, ਵੱਖ ਵੱਖ ਕੌਮੀਅਤਾਂ ਅਤੇ ਭਾਸ਼ਾਈ ਸਮੂਹਾਂ 'ਚ ਵੰਡ ਦੇ ਨਾਲ਼ ਨਾਲ਼ ਜਾਤਾਂ ਵਿੱਚ ਵੰਡ, ਭਾਰਤੀ ਸਮਾਜ ਨੂੰ ਇੱਕ ਬੇਹੱਦ ਗੁੰਝਲਦਾਰ ਸਮਾਜ ਬਣਾਉਂਦੀ ਹੈ। 90ਵਿਆਂ ਦੇ ਸ਼ੁਰੂ 'ਚ ਹੋਏ ਇੱਕ ਸਰਵੇਖਣ ਮੁਤਾਬਕ ਹਿੰਦੂ 3539 ਜਾਤਾਂ 'ਚ ਵੰਡੇ ਹੋਏ ਸਨ (ਸੁਵੀਰਾ ਜੈਸਵਾਲ Caste pp. 15, Delhi 2005) ਇਹ ਵੰਡੀਆਂ ਖਾਸ ਕਰਕੇ ਜਾਤ ਅਧਾਰਿਤ ਵੰਡ ਭਾਰਤ ਵਿੱਚ ਕਿਰਤੀ ਲੋਕਾਂ ਦੀ ਮੁਕਤੀ ਦੇ ਰਾਹ ਨੂੰ ਬੇਹੱਦ ਚੁਣੌਤੀਪੂਰਨ ਅਤੇ ਬਿਖੜਾ ਬਣਾਉਂਦੀ ਹੈ। ਹਾਕਮ ਜਮਾਤਾਂ ਹਮੇਸ਼ਾ ਇਹਨਾਂ ਵੰਡਾਂ ਨੂੰ ਕਿਰਤੀ ਲੋਕਾਂ ਦੀ ਜਮਾਤੀ ਏਕਤਾ ਨੂੰ ਤੋੜਨ, ਉਹਨਾਂ ਦੀ ਜਮਾਤੀ ਚੇਤਨਾ ਨੂੰ ਖੁੰਢਾ ਕਰਨ ਅਤੇ ਉਹਨਾਂ ਨੂੰ ਆਪਸ ਵਿੱਚ ਲੜਾਉਣ ਲਈ, ਇਕ ਕਾਰਗਰ ਹਥਿਆਰ ਦੇ ਰੂਪ ਵਿੱਚ ਵਰਤਦੀਆਂ ਰਹੀਆਂ ਹਨ ਅਤੇ ਅੱਜ ਵੀ ਇਹ ਬਾਦਸਤੂਰ ਜਾਰੀ ਹੈ।

ਜਮਾਤੀ ਵੰਡ ਤੋਂ ਇਲਾਵਾ ਭਾਰਤੀ ਸਮਾਜ ਦੀ ਜਾਤਾਂ ਵਿੱਚ ਵੰਡ (ਇਸਦੇ ਨਾਲ਼ ਹੀ ਕੌਮੀਅਤਾਂ, ਭਾਸ਼ਾਈ ਸਮੂਹਾਂ, ਕਬਾਇਲੀਆਂ, ਗੈਰ-ਕਬਾਇਲੀਆਂ 'ਚ ਵੰਡ) ਅੱਜ ਦੇ ਭਾਰਤ ਦਾ ਵਸਤੂਗਤ ਯਥਾਰਥ ਹੈ। ਜਿਸ ਤੋਂ ਮੁਨਕਰ ਹੋ ਕੇ ਭਾਰਤ ਦੇ ਕਿਰਤੀ ਲੋਕਾਂ ਦੀ ਮੁਕਤੀ ਦਾ ਕੋਈ ਪ੍ਰੋਜੈਕਟ ਤਿਆਰ ਨਹੀਂ ਕੀਤਾ ਜਾ ਸਕਦਾ। ਇਸ ਹਕੀਕਤ ਨੂੰ ਬਦਲਣ ਦੀ ਦਿਸ਼ਾ ਵਿੱਚ ਪਹਿਲਾ ਕਦਮ ਇਸ ਹਕੀਕਤ ਨੂੰ ਪ੍ਰਵਾਨ ਕਰਨਾ ਹੈ।

ਭਾਰਤ ਵਿੱਚ ਜਾਤ-ਪਾਤ ਦੇ ਸਵਾਲ ਨਾਲ਼ ਇੱਥੋਂ ਦੀ ਕਮਿਊਨਿਸਟ ਲਹਿਰ ਮੁੱਢ ਤੋਂ ਹੀ ਜੂਝਦੀ ਰਹੀ ਹੈ ਅਤੇ ਅੱਜ ਵੀ ਜੂਝ ਰਹੀ ਹੈ। ਕੌਮੀ ਲਹਿਰ ਵੇਲੇ ਭਾਰਤ ਦੀ ਕਮਿਊਨਿਸਟ ਪਾਰਟੀ ਜਮਾਤੀ ਘਟਾਓਵਾਦ (Class Reductionism) ਦੇ ਭਟਕਾਅ ਦਾ ਸ਼ਿਕਾਰ ਰਹੀ ਹੈ। ਇਹ ਭਾਰਤ ਵਿੱਚੋਂ ਛੂਆ-ਛੂਤ ਮਿਟਾਉਣ ਦੇ ਕਾਰਜ ਨੂੰ ਪੂਰੀ ਤਵੱਜੋ ਨਾ ਦੇ ਸਕੀ। ਪਰ

ਇਹ ਭਾਰਤ ਦੇ ਕਮਿਊਨਿਸਟਾਂ ਦੀ ਗਲਤੀ ਸੀ ਨਾ ਕਿ ਮਾਰਕਸਵਾਦੀ ਵਿਚਾਰਧਾਰਾ ਦੀ। ਮਾਰਕਸਵਾਦੀ ਵਿਚਾਰਧਾਰਾ ਜਾਤ ਪਾਤ ਅਤੇ ਅਜਿਹੇ ਹੋਰ ਹਰ ਵਰਤਾਰੇ ਨੂੰ ਸਮਝਣ 'ਚ ਪੂਰੀ ਤਰ੍ਹਾਂ ਸਮਰੱਥ ਹੈ। ਦੂਜੇ ਪਾਸੇ ਕੌਮੀ ਲਹਿਰ ਵੇਲੇ ਹੀ ਜੋ ਫੂਲੇ, ਪੇਰੀਅਰ ਅਤੇ ਅੰਬੇਡਕਰ ਦੀ ਸਮਾਜ ਸੁਧਾਰ ਦੀ ਧਾਰਾ ਸੀ, ਇਹ ਦਲਿਤ ਮੁਕਤੀ ਦੇ ਸਭ ਨਾਹਰਿਆਂ, ਦਾਅਵਿਆਂ ਦੇ ਬਾਵਜੂਦ ਦਲਿਤ ਮੁਕਤੀ ਦੇ ਕਿਸੇ ਵੀ ਤਰ੍ਹਾਂ ਦੇ ਪ੍ਰੋਜੈਕਟ ਤੋਂ ਪੂਰੀ ਤਰ੍ਹਾਂ ਵਾਂਝੀ ਸੀ।

ਆਜ਼ਾਦੀ ਤੋਂ ਬਾਅਦ ਖਾਸ ਕਰਕੇ ਪੂੰਜੀ ਦੇ ਵਿਸ਼ਵੀਕਰਨ ਦੇ ਵਰਤਮਾਨ ਦੌਰ ਵਿੱਚ ਦਲਿਤ ਰਾਜਨੀਤੀ ਦਾ ਇਕ ਨਵਾਂ ਉਭਾਰ ਦੇਖਣ ਨੂੰ ਮਿਲ਼ ਰਿਹਾ ਹੈ। ਇਸ ਦੇ ਨਾਲ ਹੀ ਦਲਿਤਵਾਦੀ ਪੈਂਤੜੇ ਤੋਂ ਮਾਰਕਸਵਾਦ 'ਤੇ "ਨਵੇਂ" ਹਮਲੇ ਵੀ ਸਾਹਮਣੇ ਆਏ ਹਨ। ਮਾਰਕਸਵਾਦ ਨੂੰ ਜਮਾਤੀ ਘਟਾਓਵਾਦੀ ਅਤੇ ਆਰਥਿਕ ਨਿਰਧਾਰਨਵਾਦੀ (Economic Determinist) ਫਲਸਫਾ ਐਲਾਨਦੀ ਹੋਈ ਅਤੇ ਭਾਰਤ ਦੀਆਂ ਵਿਸ਼ੇਸ਼ ਹਾਲਤਾਂ (ਇੱਥੋਂ ਦੀ ਜਾਤੀ ਵੰਡ) ਵਿੱਚ ਮਾਰਕਸਵਾਦ ਦੀ ਅਪ੍ਰਸੰਗਕਤਾ ਦਾ ਐਲਾਨ ਕਰਦੀ ਹੋਈ ਦਲਿਤਵਾਦ ਦੀ ਇਕ ਪੂਰੀ ਸੂਰੀ ਧਾਰਾ ਹੋਂਦ ਵਿੱਚ ਆਈ ਹੈ। ਇਸਦੇ ਨਾਲ਼ ਹੀ ਐੱਨ. ਜੀ. ਓ. (ਨਾਨ ਗਵਰਨਮੈਂਟ ਆਰਗੇਨਾਈਜ਼ੇਸ਼ਨਜ਼) ਰਾਜਨੀਤੀ ਅਤੇ ਪਹਿਚਾਣ ਦੀ ਰਾਜਨੀਤੀ (Identity Politics) ਦਾ ਨਵਾਂ ਉਭਾਰ ਦੇਖਣ ਨੂੰ ਮਿਲ ਰਿਹਾ ਹੈ। ਇਸ ਦੇ ਨਾਲ਼ ਹੀ ਨਾਲ਼ ਜਾਤ-ਪਾਤ ਦੇ ਸਵਾਲ 'ਤੇ ਭਾਰਤ ਦੀ ਕਮਿਊਨਿਸਟ ਲਹਿਰ ਵਿੱਚ ਤਰ੍ਹਾਂ ਤਰ੍ਹਾਂ ਦੇ ਭਟਕਾਅ ਅਤੇ ਇਸ ਵਰਤਾਰੇ ਦੀਆਂ ਤਰ੍ਹਾਂ ਤਰ੍ਹਾਂ ਦੀਆਂ ਵਿਆਖਿਆਵਾਂ ਵੀ ਸਾਹਮਣੇ ਆ ਰਹੀਆਂ ਹਨ।

ਹੱਥਲੇ ਪੇਪਰ ਦਾ ਮਕਸਦ ਇਹਨਾਂ ਹੀ ਸਭ ਮੁੱਦਿਆਂ ਨੂੰ ਸਮੇਟਣਾ ਹੈ। ਅਤੀਤ ਵਿੱਚ ਜਾਤ-ਪਾਤ ਦੀ ਸਮੱਸਿਆ ਨੂੰ ਸਮਝਣ ਅਤੇ ਇਸ ਨੂੰ ਹੱਲ ਕਰਨ ਵਿੱਚ ਕਮਿਊਨਿਸਟ ਲਹਿਰ ਵਿੱਚ ਕਿਸ ਤਰ੍ਹਾਂ ਦੀਆਂ ਦਿੱਕਤਾਂ ਰਹੀਆਂ ਹਨ ? ਜਾਤ ਪਾਤ ਦਾ ਮਾਰਕਸਵਾਦੀ ਵਿਸ਼ਲੇਸ਼ਣ ਕੀ ਹੈ ? ਕੌਮੀ ਲਹਿਰ ਦੀ ਦਲਿਤਵਾਦੀ ਧਾਰਾ ਦਾ ਸਕਾਰਾਤਮਕ ਪੱਖ ਅਤੇ ਇਸ ਦੀਆਂ ਸੀਮਾਵਾਂ-ਸਮੱਸਿਆਵਾਂ ਕੀ ਸਨ ? ਕੀ ਅੰਬੇਡਕਰ ਜਾਂ ਅੰਬੇਡਕਰਵਾਦ ਅਤੇ ਉੱਤਰ-ਅੰਬੇਡਕਰ ਅੰਬੇਡਕਰਵਾਦੀਆਂ ਕੋਲ ਦਲਿਤ ਮੁਕਤੀ ਦਾ ਕੋਈ ਪ੍ਰੋਜੈਕਟ ਹੈ ? ਕੀ ਵਰਤਮਾਨ ਸਮੇਂ ਵਿੱਚ ਦਲਿਤਵਾਦੀਆਂ ਵੱਲੋਂ ਮਾਰਕਸਵਾਦ ਦੀ ਕੀਤੀ ਜੀ ਰਹੀ ਅਲੋਚਨਾ 'ਚ ਕੋਈ ਦਮ ਹੈ ? ਕੀ ਮਾਰਕਸਵਾਦ ਅਤੇ ਅੰਬੇਡਕਰਵਾਦ ਦਾ ਕੋਈ ਸੁਮੇਲ ਮੁਮਕਿਨ ਹੈ ? ਜਿਵੇਂ ਕਿ ਕੁਝ ਦਲਿਤਵਾਦੀਆਂ ਵੱਲੋਂ ਸੁਝਾਇਆ ਜਾ ਰਿਹਾ ਹੈ। ਇਹਨਾਂ ਸਵਾਲਾਂ 'ਤੇ ਆਪਣਾ ਰੁਖ ਸਪਸ਼ਟ ਕਰਦੇ ਹੋਏ ਅਤੇ ਵਰਤਮਾਨ ਸਮੇਂ 'ਚ ਜਾਤਪਾਤ ਦੇ ਸਵਾਲ 'ਤੇ ਕਮਿਊਨਿਸਟ ਲਹਿਰ 'ਚ ਆਏ ਭਟਕਾਵਾਂ ਦੀ ਚਰਚਾ ਦੇ ਨਾਲ਼ ਨਾਲ਼ ਪੇਪਰ ਦੇ ਅੰਤ ਵਿੱਚ ਜਾਤ ਪਾਤ ਦੀ ਸਮੱਸਿਆ ਦੇ ਖਾਤਮੇ ਸਬੰਧੀ ਸਕਾਰਾਤਮਕ ਰੂਪ ਵਿੱਚ ਆਪਣੇ ਕੁਝ ਅਣ-ਅੰਤਿਮ ਵਿਚਾਰ ਰੱਖਾਂਗੇ। ਇਸਦੇ ਨਾਲ ਹੀ ਸੰਖੇਪ 'ਚ ਦਲਿਤ ਸਾਹਿਤ ਅਤੇ ਸਹੁਜ ਸ਼ਾਸਤਰ ਬਾਰੇ ਵੀ ਆਪਣੇ ਕੁਝ ਵਿਚਾਰ ਰੱਖਾਂਗੇ।

ਭਾਰਤ ਦੀ ਕਮਿਊਨਿਸਟ ਲਹਿਰ ਅਤੇ ਜਾਤ-ਪਾਤ

ਭਾਰਤ ਵਿੱਚ ਕਮਿਊਨਿਸਟ ਲਹਿਰ ਲਗਭਗ ਨੌਂ ਦਹਾਕੇ ਪੁਰਾਣੀ ਹੈ। ਇਸ ਦੌਰਾਨ ਇਹ ਲਹਿਰ ਕਈ ਉਤਰਾਵਾਂ ਚੜ੍ਹਾਵਾਂ 'ਚੋਂ ਲੰਘੀ ਹੈ। 1951 ਤੋਂ (ਜਦੋਂ ਭਾਰਤ ਦੀ ਕਮਿਊਨਿਸਟ ਪਾਰਟੀ ਸੋਧਵਾਦ-ਸੰਸਦਵਾਦ ਦੇ ਰਾਹ ਤੁਰ ਪਈ) ਬਾਅਦ ਇੱਥੇ ਕਿਸੇ ਸੱਚੀ ਕਮਿਊਨਿਸਟ ਪਾਰਟੀ ਦੀ ਹੋਂਦ ਨਹੀਂ ਰਹੀ। ਸੀ. ਪੀ. ਆਈ. ਤੋਂ ਟੁੱਟ ਕੇ 1964 'ਚ ਬਣੀ ਸੀ. ਪੀ. ਆਈ. (ਐੱਮ) ਕਿਸੇ ਵੀ ਪੱਖੋਂ ਸੀ. ਪੀ. ਆਈ. ਤੋਂ ਵੱਖਰੀ ਨਹੀਂ ਸੀ। ਇਹ ਪਾਰਟੀ ਆਪਣੇ ਜਨਮ ਤੋਂ ਹੀ ਸੋਧਵਾਦੀ ਸੰਸਦਮਾਰਗੀ ਸੀ। 1967 ਵਿੱਚ ਇਤਿਹਾਸਕ ਨਕਸਲਬਾੜੀ ਬਗਾਵਤ ਤੋਂ ਬਾਅਦ ਇਥੇ ਕਮਿਊਨਿਸਟ ਇਨਕਲਾਬੀਆਂ ਦੀ ਇੱਕ ਨਵੀਂ ਧਾਰਾ ਹੋਂਦ ਵਿੱਚ ਆਈ। ਪਰ ਵਿਚਾਰਧਾਰਕ ਕਮਜ਼ੋਰੀ ਅਤੇ ਭਾਰਤੀ ਸਮਾਜ ਦੇ ਗਲਤ ਵਿਸ਼ਲੇਸ਼ਣ (ਅਰਧ-ਜਗੀਰੂ, ਅਰਧ-ਬਸਤੀ) ਅਤੇ ਇਨਕਲਾਬ ਦੇ ਪੜਾਅ ਦੀ ਗਲਤ ਸਮਝ (ਨਵ-ਜਮਹੂਰੀ ਇਨਕਲਾਬ) ਕਾਰਨ ਇਸ ਧਾਰਾ ਦੇ ਕਮਿਊਨਿਸਟ ਇਨਕਲਾਬੀ ਇੱਕ ਨਵੀਂ ਕਮਿਊਨਿਸਟ ਪਾਰਟੀ ਉਸਾਰਨ ਵਿੱਚ ਨਾਕਾਮ ਰਹੇ ਅਤੇ ਜਲਦੀ ਉਹ ਕਈ ਛੋਟੇ ਬੜੇ ਗਰੁੱਪਾਂ ਵਿੱਚ ਖਿੰਡ ਗਏ। ਨਕਸਲਬਾੜੀ ਤੋਂ ਬਾਅਦ ਦੇ ਬੀਤੇ ਚਾਰ ਦਹਾਕਿਆਂ 'ਚ ਕਈ ਗਰੁੱਪ ਆਪਣੀ ਹੋਂਦ ਗਵਾ ਚੁੱਕੇ ਹਨ। ਬਾਕੀ ਬਚੇ ਗਰੁੱਪ ਵੱਖ ਵੱਖ ਦਿਸ਼ਾਵਾਂ 'ਚ ਅੱਗੇ ਵਧ ਰਹੇ ਹਨ। ਕੁਝ ਇਕ ਦਮ ਸੀ. ਪੀ. ਆਈ. , ਸੀ. ਪੀ. ਐੱਮ. ਦੇ ਨਕਸ਼ੇਕਦਮ 'ਤੇ ਚੱਲ ਰਹੇ ਹਨ। ਕੁਝ ਚਾਰੂ ਮਜ਼ੂਮਦਾਰ ਦੀ ਖੱਬੀ ਮਾਅਰਕੇਬਾਜ਼ ਲੀਹ ਨੂੰ ਹੀ ਥੋੜੇ ਫੇਰ ਬਦਲ ਨਾਲ਼ ਲਾਗੂ ਕਰ ਰਹੇ ਹਨ। ਇਸ ਸਮੇਂ ਭਾਰਤ ਵਿੱਚ ਕਿਸੇ ਕਮਿਊਨਿਸਟ ਪਾਰਟੀ ਦੀ ਹੋਂਦ ਨਹੀਂ। ਹਾਂ ਦੇਸ਼ ਵਿੱਚ ਕਈ ਕਮਿਊਨਿਸਟ ਇਨਕਲਾਬੀ ਗਰੁੱਪ ਸਰਗਰਮ ਹਨ।

ਇੱਥੇ ਜਦੋਂ ਅਸੀਂ ਕਮਿਊਨਿਸਟ ਲਹਿਰ ਦੀ ਚਰਚਾ ਕਰ ਰਹੇ ਹਾਂ ਤਾਂ ਵਰਤਮਾਨ ਸਮੇਂ ਦੇਸ਼ ਦੀਆਂ ਦੋ ਪ੍ਰਮੁੱਖ ਸੰਸਦਮਾਰਗੀ ਕਮਿਊਨਿਸਟ ਪਾਰਟੀਆਂ ਸੀ. ਪੀ. ਆਈ. ਅਤੇ ਸੀ. ਪੀ. ਐੱਮ. ਦੀ ਸਮਝ ਅਤੇ ਅਭਿਆਸ ਨਾਲ਼ ਸਾਡਾ ਕੋਈ ਲੈਣਾ ਦੇਣਾ ਨਹੀਂ ਹੈ।

ਇੱਥੇ ਅਸੀਂ ਭਾਰਤ ਦੀ ਕਮਿਊਨਿਸਟ ਪਾਰਟੀ ਦੇ ਉਸ ਦੌਰ ਦੀ ਚਰਚਾ ਕਰਾਂਗੇ ਜਦੋਂ ਤੱਕ ਇਸ ਦਾ ਖਾਸਾ ਇਨਕਲਾਬੀ ਬਣਿਆ ਰਿਹਾ (ਭਾਵ 1951 ਤੱਕ)। ਭਾਰਤੀ ਦੀ ਕਮਿਊਨਿਸਟ ਪਾਰਟੀ ਦੀ ਸਥਾਪਨਾ 1925 ਵਿੱਚ ਹੋਈ ਸੀ ਅਤੇ 1933 ਵਿੱਚ ਇਸਨੇ ਆਪਣੇ ਆਗੂ ਕੇਂਦਰ (ਕੇਂਦਰੀ ਕਮੇਟੀ) ਦਾ ਗਠਨ ਕੀਤਾ। ਇਸ ਦੌਰ ਵਿੱਚ ਪਾਰਟੀ ਨੇ ਮਜ਼ਦੂਰਾਂ ਕਿਸਾਨਾਂ ਦੀਆਂ ਸ਼ਾਨਾਮੱਤੀਆਂ ਇਤਿਹਾਸਕ ਜੱਦੋਜਹਿਦਾਂ ਦੀ ਅਗਵਾਈ ਕੀਤੀ। ਹਰ ਤਰ੍ਹਾਂ ਦੀ ਲੁੱਟ ਜ਼ਬਰ ਤੋਂ ਕਿਰਤੀਆਂ ਦੀ ਮੁਕਤੀ ਲਈ ਕਮਿਊਨਿਸਟਾਂ ਨੇ ਵੀਰਤਾ, ਕੁਰਬਾਨੀ ਤੇ ਤਿਆਗ ਦੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ। ਭਾਰਤ ਵਿੱਚ ਜਾਤ ਅਧਾਰਿਤ ਲੁੱਟ ਦਾਬੇ ਵਿਰੁੱਧ ਵੀ ਕਮਿਊਨਿਸਟਾਂ ਨੇ ਅਨੇਕਾਂ ਲੜਾਈਆਂ ਲੜੀਆਂ ਪਰ ਉਹ ਸਮੁੱਚਤਾ

’ਚ ਭਾਰਤੀ ਸਮਾਜ ਦੀ ਇਸ ਵਸ਼ਿਸਟਤਾ ਨੂੰ ਸਮਝਣ ਅਤੇ ਖਾਤਮੇ ਲਈ ਕਾਰਗਰ ਯੁੱਧਨੀਤੀ ਬਣਾਉਣ ਅਤੇ ਇਸ ਨੂੰ ਇੱਕ ਵਿਸ਼ੇਸ਼ ਕਾਰਜ ਵਜੋਂ ਹੱਥ ਲੈ ਕੇ ਇਸ ਵਿਰੁੱਧ ਸੰਘਰਸ਼ ਛੇੜਨ ਵਿੱਚ ਅਸਫਲ ਰਹੇ। ਕਮਿਊਨਿਸਟ ਪਾਰਟੀ ਨੇ ਬਹੁਤ ਸ਼ੁਰੂ ਵਿੱਚ ਹੀ ਭਾਰਤ ਵਿੱਚ ਜਾਤ-ਪਾਤ ਛੂਆ-ਛੂਤ ਦੀ ਸਮੱਸਿਆ ਦੀ ਨਿਸ਼ਾਨਦੇਹੀ ਕਰ ਲਈ ਸੀ।

1930 ’ਚ ‘ਕਾਰਵਾਈ ਲਈ ਮੰਚ’ ਵਿੱਚ ਪਾਰਟੀ ਨੇ ਐਲਾਨ ਕੀਤਾ:

“ਬ੍ਰਿਟਿਸ਼ ਸਾਮਰਾਜਵਾਦੀ ਸ਼ਾਸਨ ਦਾ ਹੀ ਇਹ ਨਤੀਜਾ ਹੈ ਕਿ ਅੱਜ ਸਾਡੇ ਦੇਸ਼ ਵਿੱਚ ਲੱਖਾਂ ਦੀ ਗਿਣਤੀ ਵਿਚ ਗੁਲਾਮ ਹਨ। ਅੱਜ ਵੀ ਸਮਾਜ ਤੋਂ ਬਾਈਕਾਟ ਕੀਤੇ ਕਰੋੜਾਂ ਕਿਰਤੀ ਹਨ ਜਿਹਨਾਂ ਨੂੰ ਕੋਈ ਹੱਕ ਹਾਸਲ ਨਹੀਂ ਹੈ। ਬ੍ਰਿਟਿਸ਼ ਸ਼ਾਸਨ ਵਿੱਚ ਜਿਮੀਂਦਾਰੀ ਪ੍ਰਥਾ, ਪਿਛਾਖੜੀ ਜਾਤ ਪ੍ਰਥਾ, ਧਾਰਮਿਕ ਪਾਖੰਡ, ਗੁਲਾਮੀ ਅਤੇ ਭੂ-ਗੁਲਾਮੀ ਦੀਆਂ ਸਾਰੀਆਂ ਰਵਾਇਤਾਂ ਸਾਡੇ ਦੇਸ਼ ਦੇ ਲੋਕਾਂ ਦਾ ਗਲ਼ ਘੁੱਟ ਰਹੀਆਂ ਹਨ ਅਤੇ ਲੋਕਾਂ ਦੀ ਮੁਕਤੀ ਦੇ ਰਾਹ ਦਾ ਰੋੜਾ ਹਨ। ਇਹਨਾਂ ਦਾ ਨਤੀਜਾ ਹੈ ਕਿ ਅੱਜ ਵੀਹਵੀਂ ਸਦੀ ਵਿੱਚ ਵੀ ਸਾਡੇ ਦੇਸ਼ ਵਿੱਚ ਅਛੂਤ ਹਨ, ਜਿਨ੍ਹਾਂ ਨੂੰ ਹੋਰ ਮਨੁੱਖਾਂ ਨੂੰ ਮਿਲਣ-ਜੁਲਣ, ਸਰਵਜਨਕ ਖੂਹਾਂ ਤੋਂ ਪਾਣੀ ਪੀਣ, ਸਰਵਜਨਕ ਸਕੂਲਾਂ ’ਚ ਪੜ੍ਹਨ ਆਦਿ ਦਾ ਕੋਈ ਹੱਕ ਨਹੀਂ।”

“ਭਾਰਤੀਆਂ ਦੇ ਨਾਂ ’ਤੇ ਲੱਗੇ ਇਸ ਸ਼ਰਮਨਾਕ ਧੱਬੇ ਨੂੰ ਹਮੇਸ਼ਾ-ਹਮੇਸ਼ਾ ਲਈ ਖਤਮ ਕਰਨ ਦੀ ਥਾਵੇਂ ਗਾਂਧੀ ਅਤੇ ਦੂਸਰੇ ਕਾਂਗਰਸੀ ਆਗੂ ਜਾਤ ਪ੍ਰਥਾ ਨੂੰ ਬਣਾਈ ਰੱਖਣ ਦਾ ਸੱਦਾ ਦੇ ਰਹੇ ਹਨ। ਇਹ ਜਾਤ ਪ੍ਰਥਾ ਹੈ ਜਿਸ ਕਾਰਨ ਅਛੂਤਾਂ ਦੀ ਇਹ ਹਾਲਤ ਹੈ। ਇਹ ਅਛੂਤਾਂ ਦੇ ਸਮਾਜ ਤੋਂ ਬਾਈਕਾਟ ਨੂੰ ਜਾਇਜ਼ ਸਿੱਧ ਕਰਦੀ ਹੈ। ਜਾਤ ਪ੍ਰਥਾ ਦੇ ਇਸ ਸੁਧਰੇ ਹੋਏ ਰੂਪ ਦੀ ਬੇਕਿਰਕ ਤਬਾਹੀ ਜ਼ਰਈ ਇਨਕਲਾਬ ਅਤੇ ਤਾਕਤ ਨਾਲ਼ ਬ੍ਰਿਟਿਸ਼ ਸ਼ਾਸਨ ਨੂੰ ਉਖਾੜ ਸੁੱਟਣ ਦਾ ਰਾਹ ਹੀ ਇੱਕੋ ਇੱਕ ਰਾਹ ਹੈ, ਜਿਸ ਉੱਤੇ ਚੱਲ ਕੇ ਕਿਰਤੀ ਮਜ਼ਦੂਰਾਂ ਅਤੇ ਗੁਲਾਮਾਂ ਦੀ ਸਮਾਜਿਕ ਆਰਥਿਕ, ਸੱਭਿਆਚਾਰਕ ਅਤੇ ਨਿਆਂਇਕ ਮੁਕਤੀ ਹੋ ਸਕਦੀ ਹੈ। ਭਾਰਤ ਦੀ ਕਮਿਊਨਿਸਟ ਪਾਰਟੀ ਸਾਰੇ ਅਛੂਤਾਂ ਨੂੰ ਸੱਦਾ ਦਿੰਦੀ ਹੈ ਕਿ ਉਹ ਦੇਸ਼ ਭਰ ਦੇ ਮਜ਼ੂਦਰਾਂ ਨਾਲ਼ ਮਿਲਕੇ ਬ੍ਰਿਟਿਸ਼ ਸ਼ਾਸਨ ਅਤੇ ਜਗੀਰਦਾਰੀ ਵਿਰੋਧੀ ਸਾਂਝੇ ਮੋਰਚੇ ਦਾ ਅੰਗ ਬਣਨ।”

“ਭਾਰਤੀ ਦੀ ਕਮਿਊਨਿਸਟ ਪਾਰਟੀ ਸਾਰੇ ਅਛੂਤਾਂ ਨੂੰ ਸੱਦਾ ਦਿੰਦੀ ਹੈ ਉਹ ਦੇਸ਼ ਦੇ ਕਿਰਤੀ ਲੋਕਾਂ ਦੇ ਇੱਕ ਹਿੱਸੇ ਨੂੰ ਦੂਸਰੇ ਹਿੱਸੇ ਦੇ ਖਿਲਾਫ ਖੜ੍ਹਾ ਕਰਨ ਦੀਆਂ ਬ੍ਰਿਟਿਸ਼ ਸਾਮਰਾਜਵਾਦੀਆਂ ਅਤੇ ਉਹਨਾਂ ਦੇ ਪਿਛਾਖੜੀ ਏਜੰਟਾਂ ਦੀਆਂ ਚਾਲਾਂ ਤੋਂ ਬਚਣ।”

“ਭਾਰਤ ਦੀ ਕਮਿਊਨਿਸਟ ਪਾਰਟੀ ਗੁਲਾਮੀ, ਜਾਤ ਪ੍ਰਥਾ ਅਤੇ ਹਰ ਕਿਸਮ ਦੀ ਜਾਤ ਅਧਾਰਿਤ ਨਾ ਬਰਾਬਰੀ ਦੇ ਪੂਰਨ ਖਾਤਮੇ ਲਈ ਸੰਘਰਸ਼ ਕਰਦੀ ਹੈ। ਭਾਵੇਂ ਇਹ ਨਾ ਬਰਾਬਰੀ ਸੱਭਿਆਚਾਰਕ, ਸਮਾਜਿਕ ਜਾਂ ਕਿਸੇ ਵੀ ਰੂਪ ਵਿੱਚ

ਕਿਉਂ ਨਾ ਹੋਵੇ। ਭਾਰਤ ਦੀ ਕਮਿਊਨਿਸਟ ਪਾਰਟੀ ਦਾ ਸੰਘਰਸ਼, ਕਿਰਤੀ ਅਛੂਤਾਂ ਅਤੇ ਸਾਡੇ ਦੇਸ਼ ਦੇ ਕਿਰਤੀ ਲੋਕਾਂ ਦੀ ਪੂਰੀ ਪੂਰੀ ਬਰਾਬਰੀ ਲਈ ਹੈ।" (Joint Platform of action of the C. P. I. Docoments of the communist movement in India Vol.-III, Page-87, National Book Agency Pvt. Ltd. Kolkata, 1997-edition)

ਪਰ ਕਮਿਊਨਿਸਟ ਪਾਰਟੀ ਨੇ ਆਪਣੇ ਉਪਰੋਕਤ ਦਸਤਾਵੇਜ਼ ਵਿੱਚ ਜਾਤ ਦਾ ਖਾਤਮਾ ਸ਼ਾਮਲ ਕਰਨ ਅਤੇ ਆਪਣੀ ਅਗਵਾਈ ਵਾਲੀਆਂ ਜਨਤਕ ਜਥੇਬੰਦੀਆਂ ਵੱਲੋਂ ਜਾਤ ਪਾਤ ਦੀ ਸਮੱਸਿਆ 'ਤੇ ਕੁਝ ਮਤੇ ਪਾਸ ਕਰਨ ਤੋਂ ਅੱਗੇ ਵਧਕੇ, ਕਦੇ ਵੀ ਇਸ ਨੂੰ ਇਕ ਵਿਆਪਕ ਸਮਾਜਕ ਅੰਦੋਲਨ ਦਾ ਮੁੱਦਾ ਨਹੀਂ ਬਣਾਇਆ। ਇਸ ਗੱਲ ਨੂੰ ਬਿਨਾਂ ਝਿਜਕ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ ਕਿ ਭਾਰਤ ਦੀ ਕਮਿਊਨਿਸਟ ਲਹਿਰ ਵਿੱਚ ਦਲਿਤ ਸਵਾਲ, ਇਸਤਰੀ ਸਵਾਲ ਅਤੇ ਹੋਰ ਅਨੇਕਾਂ ਉੱਚ ਉਸਾਰ (Super Structural) ਦੇ ਸਵਾਲਾਂ ਨੂੰ ਦੇਖਣ ਦਾ ਇਕ ਜਮਾਤੀ ਘਟਾਓਵਾਦੀ ਭਟਕਾਅ ਰਿਹਾ ਹੈ। ਦੂਜਾ ਇਕ ਅਣਦੇਖੀ ਕਰਨ ਦਾ ਭਟਕਾਅ ਵੀ ਰਿਹਾ ਹੈ, ਇਹ ਵੀ ਇਕ ਤਰ੍ਹਾਂ ਦਾ ਜਮਾਤੀ ਘਟਾਓਵਾਦ ਹੀ ਹੈ ਕਿ ਆਰਥਿਕ ਸਵਾਲਾਂ ਉੱਪਰ ਤਾਂ ਸੋਚਿਆ ਗਿਆ। ਇਸ ਤੋਂ ਅੱਗੇ ਵਧੇ ਤਾਂ ਸਿਆਸੀ ਉੱਚ ਉਸਾਰ ਬਾਰੇ ਸੋਚ ਲਿਆ ਕਿ ਸਿਆਸੀ ਜਮਾਤੀ ਘੋਲ਼ ਕਿਵੇਂ ਹੋਵੇਗਾ, ਜਮਾਤਾਂ ਦੀ ਲਾਮਬੰਦੀ ਕਿਵੇਂ ਹੋਵੇਗੀ। ਅਤੇ ਜਮਾਤੀ ਘੋਲ਼ ਦੀ ਜੋ ਸਮਾਜਿਕ ਸੱਭਿਆਚਾਰਕ ਤਿਆਰੀ ਦਾ ਸਵਾਲ ਹੈ, ਜਮਾਤੀ ਸੰਘਰਸ਼ ਦਾ ਜੋ ਸਮਾਜਿਕ-ਸੱਭਿਆਚਾਰਕ ਖੇਤਰ (Arena) ਹੈ, ਉਸ ਬਾਰੇ ਪਾਰਟੀ ਨੇ ਕਦੇ ਨਹੀਂ ਸੋਚਿਆ। ਇਸ ਦੀ ਮੁੱਖ ਵਜ੍ਹਾ ਇਹ ਹੈ ਕਿ ਭਾਰਤ ਦੀ ਕਮਿਊਨਿਸਟ ਪਾਰਟੀ ਆਪਣੇ ਜਨਮ ਤੋਂ ਹੀ ਵਿਚਾਰਧਾਰਕ ਤੌਰ ਬੇਹੱਦ ਕਮਜ਼ੋਰ ਰਹੀ ਹੈ। ਇਸ ਵਿਚਾਰਧਾਰਕ ਕਮਜ਼ੋਰੀ ਦੀ ਵੀ ਇਕ ਵਜ੍ਹਾ ਹੈ, ਉਹ ਹੈ ਭਾਰਤ ਦਾ ਬਸਤੀਕਰਨ, ਇਕ ਬਸਤੀਵਾਦੀ ਢਾਂਚੇ 'ਚ ਉੱਸਰੀ ਪਾਰਟੀ ਅਜਿਹੀ ਹੀ ਹੋ ਸਕਦੀ ਸੀ। ਪਰ ਇਹ ਇੱਕ ਵੱਖਰੀ ਚਰਚਾ ਦਾ ਵਿਸ਼ਾ ਹੈ। ਜਿਵੇਂ ਕਿ ਉੱਪਰ ਚਰਚਾ ਕੀਤਾ ਜਾ ਚੁੱਕੀ ਹੈ ਕਿ 1925 ਵਿੱਚ ਆਪਣੀ ਸਥਾਪਨਾ ਦੇ ਅੱਠ ਸਾਲ ਬਾਅਦ ਤੱਕ ਵੀ ਇਹ ਆਪਣੇ ਆਗੂ ਕੇਂਦਰ ਦਾ ਗਠਨ ਨਹੀਂ ਕਰ ਸਕੀ ਸੀ। ਉਸ ਸਮੇਂ ਭਾਰਤ ਇੱਕ ਅਰਧ ਜਗੀਰੂ-ਬਸਤੀਵਾਦੀ ਦੇਸ਼ ਸੀ ਜੋ ਕਿ ਨਵ-ਜਮਹੂਰੀ ਇਨਕਲਾਬ ਦੇ ਪੜਾਅ ਵਿੱਚ ਸੀ, ਪਰ ਪਾਰਟੀ ਕੋਲ ਇਨਕਲਾਬ ਦਾ ਕੋਈ ਪ੍ਰੋਗਰਾਮ ਨਹੀਂ ਸੀ। ਇਸ ਕੋਲ ਅਲੱਗ ਤੋਂ ਕੋਈ ਜ਼ਰਈ ਪ੍ਰੋਗਰਾਮ ਵੀ ਨਹੀਂ ਸੀ। ਅਜਿਹੀ ਹਾਲਤ ਵਿੱਚ ਇਸ ਤੋਂ ਕਿਵੇਂ ਆਸ ਰੱਖੀ ਜਾ ਸਕਦੀ ਹੈ ਉਹ ਪੂਰੇ ਸੰਸਾਰ ਦੇ ਸਭ ਤੋਂ ਗੁੰਝਲਦਾਰ ਵਰਤਾਰਿਆਂ 'ਚੋਂ ਇਕ ਜਾਤ-ਪਾਤ ਦੇ ਵਰਤਾਰੇ ਨੂੰ ਸਮਝੇ ਅਤੇ ਉਸ ਬਾਰੇ ਇੱਕ ਦਸਤਾਵੇਜ਼ ਪੇਸ਼ ਕਰੇ। ਇਹ ਪਾਰਟੀ ਹਮੇਸ਼ਾ ਹੋਰਾਂ ਦੇਸ਼ਾਂ ਦੀਆਂ ਵੱਡੀਆਂ ਭਰਾਤਰੀ ਪਾਰਟੀਆਂ ਖਾਸ ਕਰਕੇ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਉੱਪਰ ਵਿਚਾਰਧਾਰਕ ਸਿਆਸੀ ਤੌਰ 'ਤੇ ਨਿਰਭਰ ਰਹੀ। ਇਸ ਕੋਲ ਸਮਾਜਿਕ ਆਰਥਿਕ ਵਿਸ਼ਲੇਸ਼ਣ ਵੀ ਬਹੁਤ ਸਤੱਹੀ ਸੀ। ਇਹ ਕਮਿਊਨਿਸਟ ਇੰਟਰਨੈਸ਼ਨਲ ਦੀਆਂ ਨੀਤੀਆਂ ਅਤੇ ਰਜਨੀਪਾਮ ਦੱਤ ਦੇ ਬ੍ਰਿਟੇਨ ਦੀ

ਕਮਿਊਨਿਸਟ ਪਾਰਟੀ ਦੇ ਜਰਨਲ ਅਤੇ 'ਇਨਪਰੇਕੋਰ' ਵਿੱਚ ਛਪੇ ਲੇਖਾਂ ਦੇ ਅਧਾਰ 'ਤੇ ਆਪਣੀ ਯੁੱਧਨੀਤੀ ਅਤੇ ਆਮ ਦਾਅਪੇਚ ਤੈਅ ਕਰਦੀ ਸੀ। ਜਾਤ-ਪਾਤ ਜਿਹੇ ਅਤਿਅੰਤ ਗੁੰਝਲਦਾਰੀ ਵਰਤਾਰੇ ਨੂੰ ਸਮਝ ਸਕਣ ਅਤੇ ਇਸ ਦੇ ਖਾਤਮੇ ਲਈ ਕੋਈ ਯੁੱਧਨੀਤੀ ਘੜ ਸਕਣ ਵਿੱਚ ਕਮਿਊਨਿਸਟ ਪਾਰਟੀ ਦੀ ਅਯੋਗਤਾ ਨੂੰ ਉਸ ਦੀ ਇਸੇ ਵਿਚਾਰਧਾਰਕ ਕਮਜ਼ੋਰੀ ਦੇ ਪ੍ਰਸੰਗ ਵਿੱਚ ਰੱਖ ਕੇ ਦੇਖਿਆ ਜਾਣਾ ਚਾਹੀਦਾ ਹੈ। ਇੱਥੇ ਅਸੀਂ ਸਮੱਸਿਆ ਨੂੰ ਸਮਝਣ ਦੇ ਇੱਕ ਵਿਗਿਆਨਕ ਨਜ਼ਰੀਏ ਤੋਂ ਗੱਲ ਕਰ ਰਹੇ ਹਾਂ ਨਾ ਕਿ ਕਿਸੇ ਨੂੰ ਕੋਸਣ ਅਤੇ ਨੁਕਸ ਕੱਢਣ ਦੇ ਨਜ਼ਰੀਏ ਤੋਂ।

ਭਾਰਤ ਦੀ ਜਾਤੀ ਵਿਵਸਥਾ ਨਸਲੀ ਵਿਤਕਰੇ ਅਤੇ ਰੰਗ ਅਧਾਰਿਤ ਵਿਤਕਰੇ ਤੋਂ ਵੱਖਰੀ ਅਤੇ ਬਹੁਤ ਪੁਰਾਣੀ ਚੀਜ਼ ਹੈ। ਰੰਗ ਅਧਾਰਿਤ ਵਿਤਕਰਾ ਅਤੇ ਨਸਲੀ ਵਿਤਕਰਾ ਆਧੁਨਿਕ ਇਤਿਹਾਸ ਦੀਆਂ ਚੀਜ਼ਾਂ ਹਨ ਜਦ ਕਿ ਜਾਤ ਪ੍ਰਾਚੀਨ ਇਤਿਹਾਸ ਦੀ ਨਿਰੰਤਰਤਾ ਹੈ। ਜਦੋਂ ਭਾਰਤ ਵਿੱਚ ਗੁਲਾਮਦਾਰੀ ਯੁੱਗ ਸੀ, ਜਦੋਂ ਗਣਰਾਜਾਂ ਦਾ ਯੁੱਗ ਸੀ ਉਸੇ ਸਮੇਂ ਤੋਂ ਜਾਤੀ ਵਿਵਸਥਾ ਆਪਣੇ ਰੂਪ ਬਦਲਦੀ ਹੋਈ ਮੌਜੂਦ ਰਹੀ ਹੈ। ਸਮਾਜ ਦੀਆਂ ਜਮਾਤੀ ਵਿਰੋਧਤਾਈਆਂ ਨਾਲ਼ ਕਿਤੇ ਇਹਨਾਂ ਜਾਤੀਗਤ ਵਿਰੋਧਤਾਈਆਂ ਦਾ ਟਕਰਾਅ ਹੁੰਦਾ ਰਿਹਾ ਹੈ ਅਤੇ ਕਿਤੇ ਕਿਤੇ ਇਹਨਾਂ ਦੀ ਓਵਰਲੈਪਿੰਗ (Overlaping) ਹੁੰਦੀ ਰਹੀ ਹੈ। ਇਸ ਨਾਲ਼ ਹਾਲਤ ਹੋਰ ਵਧੇਰੇ ਗੁੰਝਲਦਾਰ ਬਣ ਜਾਂਦੀ ਹੈ। ਜਿਸ ਨੂੰ ਸਮਝ ਸਕਣਾ ਭਾਰਤ ਦੀ ਕਮਿਊਨਿਸਟ ਪਾਰਟੀ ਜਿਹੀ ਵਿਚਾਰਧਾਰਕ ਤੌਰ 'ਤੇ ਅਤਿਅੰਤ ਕਮਜ਼ੋਰ ਪਾਰਟੀ ਦੇ ਵਸੋਂ ਬਾਹਰੀ ਗੱਲ ਸੀ। ਦਲਿਤ ਸਮੱਸਿਆ ਨੂੰ ਜੇਕਰ ਅਸੀਂ ਇਕ ਸਮਾਜਿਕ ਸਮੱਸਿਆ, ਸਮਾਜਿਕ ਉੱਚ-ਉਸਾਰ ਨਾਲ਼ ਜੁੜੀ ਸਮੱਸਿਆ ਦੇ ਰੂਪ ਵਿੱਚ ਲਈਏ ਤਾਂ ਅਜਿਹੇ ਅਨੇਕਾਂ ਸਵਾਲਾਂ ਦੀ ਅਣਦੇਖੀ ਹੋਈ ਹੈ।

ਮਾਰਕਸਵਾਦੀ ਫਲਸਫੇ 'ਚ ਅਧਾਰ ਅਤੇ ਉੱਚ-ਉਸਾਰ ਦੇ ਸਵਾਲ ਨੂੰ ਲੈਕੇ, ਉੱਚ-ਉਸਾਰ ਦੀ ਜੋ ਪੂਰੀ ਬਣਾਵਟ ਹੈ, ਉਸਦੇ ਵੱਖ-ਵੱਖ ਪੌਡਿਆਂ, ਉਸ ਦੀਆਂ ਵੱਖ-ਵੱਖ ਤਹਿਆਂ ਨੂੰ ਸਭ ਤੋਂ ਪਹਿਲਾਂ ਮਾਰਕਸ-ਏਂਗਲਜ਼ ਫਿਰ ਪਲੈਖਾਨੋਵ ਅਤੇ ਫਿਰ ਲੈਨਿਨ, ਫਿਰ ਸਤਾਲਿਨ ਅਤੇ ਫਿਰ ਮਾਓ ਨੇ ਡੂੰਘਾਈ 'ਚ ਜਾਕੇ ਘੋਖਿਆ ਹੈ। ਇਸ ਪੂਰੇ ਚਿੰਤਨ ਦੀ ਜੋ ਅਮੀਰ ਕੌਮਾਂਤਰੀ ਵਿਰਾਸਤ ਹੈ ਅਤੇ ਉਸ ਤੋਂ ਵਿਸ਼ਲੇਸ਼ਣ ਦੇ ਜੋ ਮਾਰਕਸਵਾਦੀ-ਲੈਨਿਨਵਾਦੀ ਔਜ਼ਾਰ ਵਿਕਸਿਤ ਹੋਏ, ਉਹਨਾਂ ਦਾ ਭਾਰਤ ਦੀ ਕਮਿਊਨਿਸਟ ਲਹਿਰ ਦੁਆਰਾ ਇਸਤੇਮਾਲ ਨਹੀਂ ਕੀਤਾ ਗਿਆ। ਇਸ ਗੱਲ ਨੂੰ ਸਾਫ਼ ਸਾਫ਼ ਸਮਝ ਲਿਆ ਜਾਣਾ ਚਾਹੀਦਾ ਹੈ ਕਿ ਭਾਰਤ ਦੀ ਕਮਿਊਨਿਸਟ ਲਹਿਰ ਤੋਂ ਜੋ ਗਲਤੀਆਂ ਹੋਈਆਂ ਉਹ ਇਕ ਵੱਖਰੀ ਚੀਜ਼ ਹੈ। ਜਾਤ ਦੇ ਸਵਾਲ ਦੇ ਮਾਰਕਸਵਾਦੀ ਵਿਸ਼ਲੇਸ਼ਣ ਦਾ ਸਵਾਲ ਭਾਰਤ ਦੀ ਕਮਿਊਨਿਸਟ ਲਹਿਰ ਦੇ ਵਿਸ਼ਲੇਸ਼ਣ ਦਾ ਸਵਾਲ ਨਹੀਂ ਹੈ। ਜੇਕਰ ਮਾਰਕਸਵਾਦ ਦਾ, ਦਵੰਦਵਾਦੀ ਅਤੇ ਇਤਿਹਾਸਕ ਭੌਤਿਕਵਾਦ ਦਾ ਭਾਰਤ ਦੇ ਇੱਕ ਸਮਾਜਿਕ ਵਰਤਾਰੇ ਨੂੰ ਸਮਝਣ ਵਿੱਚ ਠੀਕ ਢੰਗ ਨਾਲ਼ ਇਸਤੇਮਾਲ ਨਹੀਂ ਕੀਤਾ ਗਿਆ ਤਾਂ ਇਸ ਵਿੱਚ ਮਾਰਕਸਵਾਦ ਦੀ ਗਲਤੀ ਨਹੀਂ ਹੈ। ਜੇਕਰ ਭਾਰਤ ਦੇ ਕਮਿਊਨਿਸਟਾਂ ਨੇ ਸੱਭਿਆਚਾਰਕ ਉੱਚ-ਉਸਾਰ ਦੀ ਮਾਰਕਸਵਾਦੀ ਸਮਝ ਨੂੰ

ਸਮਝਿਆ ਹੀ ਨਹੀਂ ਅਤੇ ਸੱਭਿਆਚਾਰ ਨੂੰ ਸਿਆਸਤ ਦੀ ਪੂਛ ਬਣਾ ਦਿੱਤਾ, ਉਹਨਾਂ ਨੂੰ ਜੇਕਰ ਇਹ ਪਤਾ ਹੀ ਨਹੀਂ ਲੱਗਿਆ ਕਿ ਸਿਆਸਤ ਦੀ ਪ੍ਰੀਭਾਸ਼ਾ ਇਹ ਹੈ ਕਿ ਇਹ ਆਰਥਿਕਤਾ ਦਾ ਸੰਘਣਾ ਇਜ਼ਹਾਰ ਹੈ ਅਤੇ ਸੱਭਿਆਚਾਰ ਦੀ ਪ੍ਰੀਭਾਸ਼ਾ ਇਹ ਹੈ ਕਿ ਇਕ ਅਜਿਹਾ ਉੱਚ-ਉਸਾਰ ਹੈ ਜੋ ਮਨੁੱਖੀ ਸਾਰਤੱਤ ਹੈ ਜਿਸ ਨੇ ਪੂਰੇ ਇਤਿਹਾਸਕ ਵਿਰਸੇ ਨੂੰ ਆਪਣੇ 'ਚ ਸਮੇਟਿਆ ਹੋਇਆ ਹੈ, ਤਾਂ ਇਸ ਵਿੱਚ ਗਲਤੀ ਮਾਰਕਸਵਾਦ ਦੀ ਨਹੀਂ ਹੈ।

ਸਿਆਸਤ ਜਮਾਤੀ ਸੰਘਰਸ਼ ਦੀ ਕਮਾਂਡਿੰਗ ਸਿਖਰ ਹੈ। ਸਿਆਸਤ ਤੋਂ ਸਭ ਕੁਝ ਤੈਅ ਹੁੰਦਾ ਹੈ। ਅੰਤਮ ਤੌਰ 'ਤੇ ਸਿਆਸੀ ਇਨਕਲਾਬ ਹੀ ਫੈਸਲਾਕੁੰਨ ਇਨਕਲਾਬ ਹੁੰਦਾ ਹੈ, ਉਸ ਤੋਂ ਬਾਅਦ ਹੀ ਸਮਾਜਿਕ ਆਰਥਿਕ ਇਨਕਲਾਬ ਹੋ ਸਕਦਾ ਹੈ। ਪਰ ਜੇਕਰ ਲੰਬੇ ਦਾਅ ਦੀ ਗੱਲ ਕਰਨੀ ਹੋਵੇ ਤਾਂ ਸੱਭਿਆਚਾਰ ਨੂੰ ਮਨਫ਼ੀ ਕਰਕੇ ਅਸੀਂ ਇਨਸਾਨੀਅਤ ਦੀ ਗੱਲ ਕਰ ਹੀ ਨਹੀਂ ਸਕਦੇ। ਪਰ ਭਾਰਤ ਦੀ ਕਮਿਊਨਿਸਟ ਲਹਿਰ ਵਿੱਚ ਕਲਾ, ਸਾਹਿਤ, ਸੱਭਿਆਚਾਰ ਦੀ ਕੋਈ ਸਮਝ ਹੀ ਨਹੀਂ ਰਹੀ ਹੈ। ਇਹ ਭਾਰਤ ਦੇ ਕਮਿਊਨਿਸਟਾਂ ਦੀ ਮਾਰਕਸਵਾਦੀ ਫਲਸਫੇ ਉੱਪਰ ਪਕੜ ਦੀ ਗਲਤੀ ਰਹੀ ਹੈ। ਦਲਿਤਵਾਦੀ ਬੁੱਧੀਜੀਵੀ ਇਸ ਨੂੰ ਮਾਰਕਸਵਾਦ ਉੱਪਰ ਥੋਪਦੇ ਹਨ। ਉਹ ਭਾਰਤ ਦੇ ਕਮਿਊਨਿਸਟਾਂ ਦੀਆਂ ਜਾਤ ਪਾਤ ਦੇ ਮਸਲੇ 'ਤੇ ਗਲਤੀਆਂ ਨੂੰ ਮਾਰਕਸਵਾਦ ਨਾਲ਼ ਰਲ ਗੱਡ ਕਰ ਦਿੰਦੇ ਹਨ।

ਉੱਘੀ ਦਲਿਤਵਾਦੀ ਸਿਧਾਂਤਕਾਰ ਗੇਲ ਓਮਵੇਦ ਭਾਰਤ ਦੇ ਕਮਿਊਨਿਸਟਾਂ ਦੀਆਂ ਜਾਤ ਪਾਤ ਦੇ ਸਵਾਲ 'ਤੇ ਰਹੀਆਂ ਸਮੱਸਿਆਵਾਂ ਨੂੰ ਅੰਬੇਡਕਰਵਾਦੀ, ਜਾਤੀਵਾਦੀ ਚਸ਼ਮੇ ਨਾਲ਼ ਦੇਖਣ ਦੀ ਕੋਸ਼ਿਸ਼ ਕਰਦੀ ਹੈ, ਭਾਰਤ ਵਿੱਚ ਜਾਤ ਦੇ ਸਵਾਲ ਨੂੰ ਸਮਝਣ 'ਚ ਉਸਨੂੰ ਮਾਰਕਸਵਾਦ ਵਿੱਚ ਅਧੂਰਾਪਣ ਵੀ ਨਜ਼ਰ ਆਉਂਦਾ ਹੈ। ਉਸ ਦਾ ਕਹਿਣਾ ਹੈ:

> "ਇਹ ਸਭ ਕੁਝ ਕਿਉਂ ਵਾਪਰਿਆ (ਭਾਵ ਕਮਿਊਨਿਸਟਾਂ ਨੇ ਜਾਤ ਦੇ ਸਵਾਲ ਦੀ ਅਣਦੇਖੀ ਕਿਉਂ ਕੀਤੀ ? ਲੇਖਕ) ? ਆਮ ਕਰਕੇ ਦਲਿਤਾਂ ਅਤੇ ਹੋਰਨਾਂ ਵੱਲੋਂ ਜੋ ਇਸ ਅਣਦੇਖੀ ਤੋਂ ਚੰਗੀ ਤਰ੍ਹਾਂ ਜਾਣੂੰ ਹਨ, ਇਸ ਦੇ ਦੋ ਕਾਰਨ ਦੱਸੇ ਜਾਂਦੇ ਹਨ, ਇਕ ਹੈ ਭਾਰਤ ਦੇ ਕਮਿਊਨਿਸਟਾਂ ਦਾ ਉੱਚ ਜਾਤੀਆਂ 'ਚੋਂ ਹੋਣਾ, (ਅੰਬੇਡਕਰ ਦੇ ਸ਼ਬਦਾਂ ਵਿੱਚ ਬ੍ਰਾਹਮਣਾਂ ਦੇ ਮੁੰਡਿਆਂ ਦਾ ਝੁੰਡ) ਜਿਸ ਨੇ ਉਹਨਾਂ ਨੂੰ ਲੁੱਟ ਦੇ ਉਹਨਾਂ ਰੂਪਾਂ ਦੀ ਅਣਦੇਖੀ ਕਰਨ ਲਈ ਮਜਬੂਰ ਕੀਤਾ ਜੋ ਉਹਨਾਂ ਦੇ ਪੁਰਸ਼ ਹਿੱਤਾਂ ਅਤੇ ਉੱਚ ਜਾਤੀ ਹਿੱਤਾਂ 'ਤੇ ਸਵਾਲ ਉਠਾਉਂਦੇ ਸਨ, ਅਤੇ ਦੂਜਾ ਇਹ ਕਿ ਖੁਦ ਮਾਰਕਸਵਾਦ ਜਾਤ ਜਾਂ ਹੋਰ 'ਗੈਰ-ਜਮਾਤੀ' ਵਿਰੋਧਤਾਈਆਂ ਨੂੰ ਨਜਿੱਠਣ ਦੇ ਅਯੋਗ ਹੈ।
>
> ਦੋਹਾਂ ਕਾਰਨਾਂ 'ਚ ਸੱਚਾਈ ਹੈ ਫਿਰ ਵੀ ਦੋਵੇਂ ਇਤਿਹਾਸਕ ਤੌਰ 'ਤੇ ਇਤਫਾਕੀਆ ਹਨ। ਇਸ ਤੱਥ ਨੇ ਕਿ ਕਮਿਊਨਿਸਟ ਮੁੱਖ ਤੌਰ 'ਤੇ ਉੱਚ ਜਾਤਾਂ 'ਚੋਂ ਸਨ, ਉਹਨਾਂ ਦੁਆਰਾ ਮਾਰਕਸਵਾਦ ਦੀਆਂ ਵਿਆਖਿਆਵਾਂ ਨੂੰ ਨਿਸ਼ਚਿਤ ਰੂਪ 'ਚ ਪ੍ਰਭਾਵਤ ਕੀਤਾ ਅਤੇ ਜਾਤ ਦੇ ਮਸਲਿਆਂ ਦੀ ਅਣਦੇਖੀ ਕਰਨ ਦਾ ਝੁਕਾਅ ਪੈਦਾ ਕੀਤਾ (ਜਿਵੇਂ ਕਿ ਪੁਰਸ਼ ਹੋਣ ਕਾਰਨ ਉਹਨਾਂ 'ਚ ਲਿੰਗੀ (Gen-

der) ਮੁੱਦਿਆਂ ਦੀ ਅਣਦੇਖੀ ਕਰਨ ਦਾ ਝੁਕਾਅ ਪੈਦਾ ਹੋਇਆ ਅਤੇ ਸ਼ਹਿਰੀ ਨਿੱਕ ਬੁਰਜੂਆ ਪਰਿਵਾਰਾਂ 'ਚੋਂ ਹੋਣ ਕਾਰਨ ਉਹਨਾਂ 'ਚ ਕਿਸਾਨੀ ਦੀਆਂ ਵਸ਼ਿਸ਼ਟ ਸਮੱਸਿਆਵਾਂ ਦੀ ਅਣਦੇਖੀ ਕਰਨ ਦਾ ਝੁਕਾਅ ਪੈਦਾ ਹੋਇਆ)।....

ਦੂਜੇ ਨੁਕਤੇ ਬਾਰੇ ਗੱਲ ਕਰੀਏ ਤਾਂ ਇਤਿਹਾਸਕ ਭੌਤਿਕਵਾਦ ਦਾ ਵਿਗਿਆਨ ਜਿਸ ਦੀ ਸ਼ੁਰੂਆਤ ਮਾਰਕਸ ਨੇ ਕੀਤੀ ਸੀ, ਜਾਤ ਅਤੇ ਪਿੱਤਰ ਸੱਤਾ ਜਿਹੇ 'ਗੈਰ-ਜਮਾਤੀ' ਕਾਰਕਾਂ ਨਾਲ਼ ਨਜਿੱਠਣ ਦੇ ਅਯੋਗ ਨਹੀਂ ਹੈ। ਇੱਕ ਤੁਲਨਾ ਕਰਨ ਲਈ ਸਾਨੂੰ ਪਤਾ ਲੱਗਦਾ ਹੈ ਕਿ ਮਾਰਕਸ ਅਤੇ ਏਂਗਲਜ਼ ਨੇ, ਪਿੱਤਰ ਸੱਤਾ ਅਤੇ ਮੁੜ ਪੈਦਾਵਾਰ ਬਾਰੇ ਚਰਚਾ 'ਚ ਮਹੱਤਵਪੂਰਨ ਸਿਧਾਂਤਕ ਨੁਕਤੇ ਸਾਹਮਣੇ ਲਿਆਂਦੇ ਸਨ। ....ਕਿ ਭਾਰਤ ਵਿੱਚ ਜਾਤ ਵਿਰੋਧੀ ਅੰਦੋਲਨ ਦੀਆਂ ਅਥਾਹ ਸੰਭਾਵਨਾਵਾਂ ਹੋਣ ਦੇ ਬਾਵਜੂਦ, ਜਾਤ ਦੇ ਮਾਮਲੇ ਵਿੱਚ ਏਨਾ ਵੀ ਨਹੀਂ ਕੀਤਾ ਗਿਆ। ਇਹ ਅੰਸ਼ਕ ਤੌਰ 'ਤੇ ਭਾਰਤ ਦੀਆਂ ਹਾਲਤਾਂ ਬਾਰੇ ਮਾਰਕਸ ਏਂਗਲਜ਼ ਦੀ ਘੱਟ ਜਾਣਕਾਰੀ ਕਾਰਨ ਸੀ, ਨਾ ਕਿ ਇਤਿਹਾਸਕ ਭੌਤਿਕਵਾਦ ਦਾ ਕੋਈ ਨੁਕਸ।" (Gail Omvedt, Dalits and the Democratic Revolution, First edition 1994, Pages 183-84)

ਗੇਲ ਦੇ ਇਹਨਾਂ ਅਰੋਪਾਂ 'ਤੇ ਇਕ ਇਕ ਕਰਕੇ ਚਰਚਾ ਕਰਦੇ ਹਾਂ। ਉਸ ਮੁਤਾਬਕ ਭਾਰਤ ਵਿੱਚ ਕਮਿਊਨਿਸਟਾਂ ਨੇ ਜਾਤ ਦੀ ਸਮੱਸਿਆ ਦੀ ਅਣਦੇਖੀ ਇਸ ਲਈ ਕੀਤੀ ਕਿਉਂਕਿ ਉਹ ਖੁਦ ਉੱਚੀਆਂ ਜਾਤਾਂ ਨਾਲ਼ ਸਬੰਧ ਰਖਦੇ ਸਨ, ਕਿਉਂਕਿ ਉਹ ਪੁਰਸ਼ ਸਨ ਇਸ ਲਈ ਲਿੰਗੀ ਸਮੱਸਿਆ ਦੀ ਅਣਦੇਖੀ ਹੋਈ ਅਤੇ ਸ਼ਹਿਰੀ ਨਿੱਕ ਬੁਰਜੂਆ ਪਰਿਵਾਰਾਂ 'ਚੋ ਹੋਣ ਕਾਰਨ ਕਿਸਾਨੀ ਦੀਆਂ ਵਸ਼ਿਸ਼ਟ ਸਮੱਸਿਆਵਾਂ ਦੀ ਅਣਦੇਖੀ ਹੋਈ। ਉਸ ਦੇ ਕਹਿਣ ਦਾ ਭਾਵ ਹੈ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਸਮਝਣ ਲਈ ਕਿਸਾਨ ਹੋਣਾ ਜ਼ਰੂਰੀ ਹੈ। ਗੈਰ ਕਿਸਾਨ ਇਸ ਨੂੰ ਨਹੀਂ ਸਮਝ ਸਕਦੇ। ਨਾਰੀ ਸਮੱਸਿਆ ਦੀ ਅਣਦੇਖੀ ਤੋਂ ਬਚਣ ਲਈ ਨਾਰੀ ਹੋਣਾ ਜ਼ਰੂਰੀ ਹੈ। ਪੁਰਸ਼ਾਂ ਲਈ ਇਸ ਨੂੰ ਸਮਝ ਸਕਣਾ ਮੁਮਕਿਨ ਨਹੀਂ ਹੈ। ਦਲਿਤ ਸਮੱਸਿਆ ਨੂੰ ਸਮਝਣ ਲਈ ਦਲਿਤ ਹੋਣਾ ਜ਼ਰੂਰੀ ਹੈ। ਗੈਰ ਦਲਿਤਾਂ ਲਈ ਸੰਭਵ ਨਹੀਂ ਹੈ। ਇਹ ਦ੍ਰਿਸ਼ਟੀਕੋਣ ਸਿਰਫ਼ ਗੇਲ ਦਾ ਹੀ ਨਹੀਂ ਸਗੋਂ ਲਗਭਗ ਸਭ ਤਰ੍ਹਾਂ ਦੇ ਦਲਿਤਵਾਦੀਆਂ ਦਾ ਹੈ। ਇਹ ਵਿਅਕਤੀ ਦੇ ਸਮਾਜਿਕ-ਸਿਆਸੀ ਵਿਵਹਾਰ ਦੀ ਜੜ੍ਹ ਉਸ ਦੇ ਜਾਤੀ ਮੂਲ ਵਿੱਚ ਤਲਾਸ਼ਦੇ ਹਨ। ਸਾਹਿਤ ਦੇ ਖੇਤਰ ਵਿੱਚ ਵੀ ਇਹਨਾਂ ਦਾ ਇਹੋ ਕਹਿਣਾ ਹੈ ਦਲਿਤ ਹੀ ਦਲਿਤ ਸਾਹਿਤ ਦੀ ਰਚਨਾ ਕਰ ਸਕਦੇ ਹਨ। ਇਸ ਮੁੱਦੇ 'ਤੇ ਵਿਸਥਾਰਤ ਚਰਚਾ ਅੱਗੇ ਕੀਤੀ ਜਾਵੇਗੀ।

ਪਹਿਲਾਂ ਗੇਲ ਦੇ ਕਮਿਊਨਿਸਟਾਂ ਦੁਆਰਾ ਕਿਸਾਨੀ ਦੀਆਂ ਸਮੱਸਿਆਵਾਂ ਦੀ ਅਣਦੇਖੀ ਦੇ ਅਰੋਪ ਨੂੰ ਲੈਂਦੇ ਹਾਂ। ਜਿਹੜੇ ਕਮਿਊਨਿਸਟਾਂ ਨੇ ਤੇਭਾਗਾ, ਤੇਲੰਗਾਨਾ, ਪੁਨਾਪਰਾ, ਵਾਇਲਾਰ, ਪੈਪਸੂ ਮੁਜ਼ਾਹਰਾ ਲਹਿਰ ਜਿਹੀਆਂ ਇਤਿਹਾਸਕ ਕਿਸਾਨ ਜੱਦੋਜਹਿਦਾਂ ਜਥੇਬੰਦ ਕੀਤੀਆਂ ਅਤੇ ਇਹਨਾਂ ਨੂੰ ਅਗਵਾਈ ਦਿੱਤੀ, ਉਹਨਾਂ ਉੱਪਰ ਕਿਸਾਨੀ ਦੀਆਂ ਸਮੱਸਿਆਵਾਂ

ਦੀ ਅਣਦੇਖੀ ਦਾ ਅਰੋਪ ਕੋਈ ਇਤਿਹਾਸ ਤੋਂ ਅੰਨ੍ਹਾ ਵਿਅਕਤੀ ਹੀ ਲਾ ਸਕਦਾ ਹੈ। ਉਪਰੋਕਤ ਲਹਿਰਾਂ ਤੋਂ ਇਲਾਵਾ ਹਜ਼ਾਰਾਂ ਛੋਟੀਆਂ ਵੱਡੀਆਂ ਕਿਸਾਨ ਜੱਦੋਜਹਿਦਾਂ ਕਮਿਊਨਿਸਟਾਂ ਨੇ ਲੜੀਆਂ ਹਨ। ਲਗਦਾ ਹੈ ਗੇਲ ਇਤਿਹਾਸ ਦੇ ਇਹਨਾਂ ਤੱਥਾਂ ਤੋਂ ਵਾਕਿਫ ਨਹੀਂ ਹੈ ਜੇਕਰ ਉਹ ਜਾਣ ਬੁੱਝ ਕੇ ਇਹਨਾਂ ਤੱਥਾਂ ਉੱਪਰ ਪਰਦਾ ਨਹੀਂ ਪਾ ਰਹੀ ਤਾਂ।

ਰਹੀ ਗੱਲ ਜਾਤ ਅਤੇ ਲਿੰਗ ਸਮੱਸਿਆ ਦੀ ਅਣਦੇਖੀ ਦੀ। ਇਹ ਗੱਲ ਇੱਕ ਹੱਦ ਤੱਕ ਸਹੀ ਹੈ ਕਿ ਕਮਿਊਨਿਸਟ ਪਾਰਟੀ ਦੀ ਵਿਚਾਰਧਾਰਕ ਕਮਜ਼ੋਰੀ ਕਾਰਨ ਪਾਰਟੀ ਦਾ ਆਰਥਿਕ ਸਿਆਸੀ ਮੁੱਦਿਆਂ ’ਤੇ ਕੇਂਦਰਤ ਜਮਾਤੀ ਸੰਘਰਸ਼ ’ਤੇ ਵਧੇਰੇ ਜ਼ੋਰ ਰਿਹਾ ਹੈ ਅਤੇ ਪਾਰਟੀ ਸਮਾਜਿਕ-ਸੱਭਿਆਚਾਰਕ ਮੁੱਦਿਆਂ ਨੂੰ ਠੀਕ ਢੰਗ ਨਾਲ਼ ਨਾ ਤਾਂ ਸਮਝ ਹੀ ਸਕੀ ਅਤੇ ਨਾ ਹੀ ਇਹਨਾਂ ਉੱਪਰ ਸੰਘਰਸ਼ ਨੂੰ ਪੂਰੀ ਤਵੱਜੋ ਹੀ ਦੇ ਸਕੀ। ਉਸ ਵੇਲੇ ਮੋਟੇ ਤੌਰ ’ਤੇ ਸਫਾਂ ਤੱਕ ਇਹ ਸਮਝ ਜਾਂਦੀ ਸੀ ਕਿ ਜਮਾਤੀ ਸੰਘਰਸ਼ ਅੱਗੇ ਵਧੇਗਾ ਤਾਂ ਇਸ ਪ੍ਰਕਿਰਿਆ ਵਿੱਚ ਸਭ ਠੀਕ ਹੋ ਜਾਵੇਗਾ। ਦੂਜੀ ਇਹ ਧਾਰਨਾ ਜਾਂਦੀ ਸੀ ਕਿ ਕੁਝ ਮੋਟੇ ਠੁੱਲ੍ਹੇ ਨਾਹਰੇ ਦੇ ਦਿਓ ਕਿ ਦੋ ਹੀ ਜਾਤਾਂ ਹਨ ਅਮੀਰ ਅਤੇ ਗਰੀਬ, ਜਾਤ-ਪਾਤ ਦੇ ਸਾਰੇ ਫਰਕ ਭੁੱਲਕੇ ਸਾਰੇ ਗਰੀਬ ਇਕ ਹੋ ਜਾਓ। ਪਰ ਪੂਰੇ ਸਮਾਜਿਕ ਤਾਣੇ-ਬਾਣੇ ਵਿੱਚ ਉਸਦੇ ਇੱਕ ਇੱਕ ਰੇਸ਼ੇ ਵਿੱਚ, ਛੋਟੀਆਂ ਛੋਟੀਆਂ ਸਮਾਜਿਕ ਸੰਸਥਾਵਾਂ ਵਿੱਚ ਜਾਤੀਗਤ ਸੰਸਕਾਰ ਨੱਥੀ ਹਨ। ਉਹਨਾਂ ਖਿਲਾਫ਼ ਲਗਾਤਾਰ ਸੱਭਿਆਚਾਰਕ ਇਨਕਲਾਬ ਚਲਾਏ ਬਿਨਾਂ, ਹਾਕਮ ਜਮਾਤ ਦੀ ਵਿਚਾਰਧਾਰਕ ਸਿਆਸੀ ਸੱਭਿਆਚਾਰਕ ਹੇਜੇਮਨੀ, ਜਿਸ ਨੂੰ ਬਣਾਈ ਰੱਖਣ ਲਈ ਉਹ ਲੋਕਾਂ ਦਰਮਿਆਨ ਜੜ੍ਹ ਜਮਾਈ ਬੈਠੇ ਜਾਤੀਗਤ ਸੰਸਕਾਰਾਂ ਦਾ ਇਸਤੇਮਾਲ ਕਰਦੀ ਹੈ, ਨੂੰ ਤੋੜੇ ਬਿਨਾਂ ਇਨਕਲਾਬੀ ਲਹਿਰ ਵਿਕਾਸ ਨਹੀਂ ਕਰ ਸਕਦੀ। ਇਸ ਉੱਪਰ ਉਸ ਸਮੇਂ ਦੀ ਕਮਿਊਨਿਸਟ ਲਹਿਰ ਨੇ ਧਿਆਨ ਨਹੀਂ ਦਿੱਤਾ। ਪਰ ਇਸ ਦਾ ਮਤਲਬ ਇਹ ਨਹੀਂ ਕਿ ਕਮਿਊਨਿਸਟਾਂ ਨੇ ਇਹਨਾਂ ਸਵਾਲਾਂ ਉੱਪਰ ਕੁਝ ਕੀਤਾ ਹੀ ਨਹੀਂ, ਜਿਵੇਂ ਕਿ ਅਨੇਕਾਂ ਦਲਿਤਵਾਦੀ ਇਲਜ਼ਾਮ ਲਗਾਉਂਦੇ ਹਨ। ਹਰ ਥਾਵੇਂ ਕਮਿਊਨਿਸਟਾਂ ਨੇ ਆਪਣੇ ਸਹਿਜ ਜਮਾਤੀ ਬੋਧ ਨਾਲ਼ ਹਰ ਤਰ੍ਹਾਂ ਦੀ ਸਮਾਜੀ-ਆਰਥਿਕ ਨਾ-ਬਰਾਬਰੀ, ਲੁੱਟ-ਜ਼ਬਰ, ਅਨਿਆਂ ਵਿਰੁੱਧ ਲੜਾਈ ਲੜੀ। ਵਰਣਨਯੋਗ ਹੈ ਕਿ ਕਮਿਊਨਿਸਟਾਂ ਦੀ ਅਗਵਾਈ ਵਿੱਚ ਲੜੇ ਗਏ ਇਤਿਹਾਸਕ ਤੇਲੰਗਾਨਾ ਕਿਸਾਨ ਸੰਘਰਸ਼ ਦੀ ਜ਼ਮੀਨ ਆਂਧਰਾ ਮਹਾਂਸਭਾ ਨੇ ਤਿਆਰ ਕੀਤੀ ਸੀ। ਜਿਸ ਵਿੱਚ ਕਮਿਊਨਿਸਟ ਭਾਰੂ ਹੈਸੀਅਤ ਵਿੱਚ ਸਨ। ਇਸ ਨੇ ਜਾਤ-ਪਾਤ, ਔਰਤਾਂ ’ਤੇ ਜ਼ਬਰ, ਨਸ਼ਿਆਂ ਅਤੇ ਦਹੇਜ ਵਿਰੁੱਧ ਛੇ-ਸੱਤ ਸਾਲ ਜ਼ਬਰਦਸਤ ਸਮਾਜਿਕ ਅੰਦੋਲਨ ਚਲਾਇਆ ਸੀ। ਤਦ ਤੇਲੰਗਾਨਾ ਦੀ ਜ਼ਮੀਨ ਤਿਆਰ ਹੋਈ ਸੀ। ਤੇਲੰਗਾਨਾ ਦੇ ਮਹਾਨ ਸੰਘਰਸ਼ ਦੌਰਾਨ ਵੀ ਦਲਿਤਾਂ ਅਤੇ ਔਰਤਾਂ ’ਤੇ ਜ਼ਬਰ ਵਿਰੁੱਧ ਅਵਾਜ਼ ਬੁਲੰਦ ਕੀਤੀ ਗਈ ਅਤੇ ਇਸ ਲਹਿਰ ਨੇ ਦਲਿਤਾਂ ਅਤੇ ਔਰਤਾਂ ’ਤੇ ਜ਼ਬਰ ਨੂੰ ਕਾਫੀ ਹੱਦ ਤੱਕ ਠੱਲ੍ਹ ਪਾਈ। ਜਗੀਰਦਾਰਾਂ ਅਤੇ ਉੱਚੀਆਂ ਜਾਤਾਂ ਵਾਸਤੇ ਕੀਤੀ ਜਾਂਦੀ ਵੇਟੀ (ਵਗਾਰ) ਖਤਮ ਕਰ ਦਿੱਤੀ ਗਈ ਜੋ ਮੁੱਖ ਤੌਰ ’ਤੇ ਦਲਿਤ ਹੀ ਕਰਦੇ ਸਨ। ਖੇਤ ਮਜ਼ਦੂਰਾਂ (ਜੋ ਮੁੱਖ ਤੌਰ ’ਤੇ ਦਲਿਤ ਸਨ) ਦੀਆਂ ਉਜ਼ਰਤਾਂ ਵਿੱਚ ਵਾਧਾ ਕਰਵਾਇਆ ਗਿਆ। ਗਰੀਬ, ਬੇਜ਼ਮੀਨੇ ਅਤੇ ਦਰਮਿਆਨੇ

ਕਿਸਾਨਾਂ (ਜਿਹਨਾਂ ਵਿੱਚ ਦਲਿਤ ਵੀ ਸ਼ਾਮਿਲ ਸਨ) ਵਿੱਚ ਜਗੀਰਦਾਰਾਂ ਦੀ ਲੱਖਾਂ ਏਕੜ ਜ਼ਮੀਨ ਵੰਡੀ ਗਈ। ਔਰਤਾਂ ਉੱਪਰ ਜ਼ਬਰ ਅਤੇ ਛੂਆ-ਛੂਤ ਉੱਪਰ ਤੇਲੰਗਾਨਾ ਦੀ ਕਿਸਾਨ ਬਗਾਵਤ ਨੇ ਜੋ ਸੱਟ ਮਾਰੀ ਉਸ ਬਾਰੇ ਸੁੰਦਰਈਆ ਲਿਖਦੇ ਹਨ:

> "ਇਸ ਸੰਘਰਸ਼ ਵਿੱਚ ਔਰਤਾਂ ਨੇ ਵੀ ਮਰਦਾਂ ਦੇ ਬਰਾਬਰ ਸ਼ਮੂਲੀਅਤ ਕੀਤੀ ਸੀ, ਇਸ ਕਾਰਨ ਸਮਾਜ ਵਿੱਚ ਯੁੱਗਾਂ ਤੋਂ ਪ੍ਰਚੱਲਤ ਵਿਚਾਰਾਂ ਕਿ ਔਰਤਾਂ, ਮਰਦਾਂ ਤੋਂ ਹੀਣੀਆਂ ਹਨ, ਵਿਰੁੱਧ ਮੁਹਿੰਮ ਚਲਾਉਣਾ, ਗ੍ਰਾਮ ਕਮੇਟੀਆਂ, ਸੰਗਮ ਅਤੇ ਪਾਰਟੀ ਲਈ ਅਸਾਨ ਹੋ ਗਿਆ। ਗ੍ਰਾਮ ਰਾਜ ਕਮੇਟੀਆਂ ਨੇ ਇਸ ਗੱਲ ਲਈ ਮੁਹਿੰਮ ਚਲਾਈ ਅਤੇ ਐਲਾਨ ਕੀਤਾ ਕਿ ਔਰਤਾਂ ਅਤੇ ਮਰਦਾਂ ਦੇ ਹੱਕ ਬਰਾਬਰ ਹਨ। ਔਰਤਾਂ ਗ੍ਰਾਮ ਪੰਚ ਕਮੇਟੀਆਂ 'ਚ ਚੁਣੀਆਂ ਗਈਆਂ..... ਅਣਚਾਹੇ ਵਿਆਹਾਂ ਭਾਵ ਲੜਕੀਆਂ ਨੂੰ ਅਜਿਹੇ ਵਿਅਕਤੀ ਨਾਲ਼ ਵਿਆਹ ਕਰਨ ਲਈ ਮਜਬੂਰ ਕਰਨਾ ਜਿਸ ਨੂੰ ਉਹ ਪਸੰਦ ਨਹੀਂ ਕਰਦੀਆਂ ਰੋਕ ਲਾਈ ਗਈ ਅਤੇ ਉੱਚਤ ਮਾਮਲਿਆਂ 'ਚ ਤਲਾਕ ਦੇਣ ਅਤੇ ਨਵੇਂ ਜੋੜੇ ਨੂੰ ਇੱਜ਼ਤਮਈ ਜ਼ਿੰਦਗੀ ਬਤੀਤ ਕਰ ਸਕਣਾ ਆਸਾਨ ਬਣਾਇਆ ਗਿਆ।"

ਅੱਗੇ ਉਹ ਛੂਆ ਛੂਤ ਦੇ ਖਾਤਮੇ ਬਾਰੇ ਲਿਖਦੇ ਹਨ:

> "ਪਿੰਡਾਂ ਵਿੱਚ ਜਾਤੀ ਅਧਾਰਿਤ ਵੰਡਾਂ ਬਹੁਤ ਡੂੰਘੀਆਂ ਸਨ। ਸਰਕਾਰ ਵਿਰੁੱਧ ਸੰਘਰਸ਼ ਵਿੱਚ ਲੋਕ ਜਾਤ ਅਤੇ ਧਰਮ ਦੇ ਵਿਤਕਰੇ ਭੁਲਾ ਕੇ ਇਕੱਠੇ ਹੋਕੇ ਲੜਨ ਲਈ ਮਜਬੂਰ ਹੋਏ, ਇਸ ਲਈ ਇਸ ਤੋਂ ਬਾਅਦ ਛੂਆ-ਛੂਤ ਦੀ ਬੁਰਾਈ ਨਾਲ ਲੜਨਾ ਅਸਾਨ ਹੋ ਗਿਆ। ਗੁਰੀਲਾ ਦਸਤਿਆਂ ਵਿੱਚ ਬਰਾਬਰੀ ਅਤੇ ਆਪਸੀ ਸਨਮਾਨ 'ਤੇ ਸਖ਼ਤੀ ਨਾਲ਼ ਅਮਲ ਕੀਤਾ ਜਾਂਦਾ ਸੀ। ਅਤੇ ਇਸ ਅਮਲ ਨੇ ਲੋਕਾਂ ਦੇ ਵਿਚਾਰ ਬਦਲ ਦਿੱਤੇ।
>
> ਰੱਬ, ਭੂਤਾਂ-ਪ੍ਰੇਤਾਂ ਵਿੱਚ ਵਿਸ਼ਵਾਸ ਬਹੁਤ ਹੱਦ ਤੱਕ ਟੁੱਟ ਗਏ। ਖਾਸ ਕਰਕੇ ਨੌਜਵਾਨਾਂ ਵਿੱਚ ਇਹ ਜ਼ਿਕਰਯੋਗ ਹੱਦ ਤੱਕ ਲੁਪਤ ਹੋ ਗਏ।" (P. Sundraya, Telengana People's Struggle and its Lessons, pages 126-27)

ਅਜਿਹਾ ਹੀ ਕਮਿਊਨਿਸਟਾਂ ਨੇ ਅਨੇਕਾਂ ਥਾਵਾਂ 'ਤੇ ਕੀਤਾ। ਪੂਰਬੀ ਉੱਤਰ ਪ੍ਰਦੇਸ਼ ਵਿਚ ਕਮਿਊਨਿਸਟਾਂ ਦੁਆਰਾ ਲੜੇ ਸੰਘਰਸ਼ ਦੀ ਬਦੌਲਤ ਆਜ਼ਾਦੀ ਤੋਂ ਪਹਿਲਾਂ ਹੀ ਦਲਿਤਾਂ ਨੂੰ ਸਾਂਝੇ ਖੂਹਾਂ ਤੋਂ ਪਾਣੀ ਪੀਣ ਤੋਂ ਰੋਕਣ ਜਿਹੀਆਂ ਪ੍ਰਥਾਵਾਂ ਖਤਮ ਕਰ ਦਿੱਤੀਆਂ ਗਈਆਂ ਸਨ। ਇਥੇ ਕਮਿਊਨਿਸਟਾਂ ਨੇ ਜਾਤ ਪਾਤੀ ਬੇੜੀਆਂ ਵਿਰੁੱਧ ਇਸ ਕਦਰ ਸੰਘਰਸ਼ ਕੀਤਾ ਕਿ ਕਮਿਊਨਿਸਟ ਚਮਾਰਾਂ ਦੇ ਸਮਾਨਅਰਥੀ ਬਣ ਗਏ।

ਕਮਿਊਨਿਸਟ ਕਾਡਰਾਂ ਨੇ ਅਨੁਭਵਵਾਦੀ ਢੰਗ ਨਾਲ਼ ਥਾਂ-ਥਾਂ ਇਹ ਕੰਮ ਕੀਤਾ, ਪਰ ਪਾਰਟੀ ਦੀ ਲੀਡਰਸ਼ਿਪ ਨੇ ਇਸ ਨੂੰ ਫਾਰਮੂਲੇਟ ਨਹੀਂ ਕੀਤਾ। ਉਸਨੇ ਅਨੁਭਵਵਾਦੀ ਢੰਗ ਨਾਲ਼ ਕੀਤੇ ਜਾਣ ਵਾਲੇ ਇਹਨਾਂ ਕੰਮਾਂ ਨੂੰ ਸਿਧਾਂਤਕ ਅਧਾਰ ਮੁਹੱਈਆ ਨਹੀਂ ਕੀਤਾ।

ਜਿਥੇ ਕਮਿਊਨਿਸਟ ਪਾਰਟੀ ਵਿੱਚ ਜਮਾਤੀ ਘਟਾਓਵਾਦ ਅਤੇ ਆਰਥਿਕ ਨਿਰਧਾਰਨਵਾਦ ਦਾ ਭਟਕਾਅ ਰਿਹਾ ਉੱਥੇ ਇਸ ਦੇਸ਼ ਵਿੱਚ ਰਾਹੁਲ ਸੰਕ੍ਰਤਾਇਨ ਜਿਹੇ ਮਾਰਕਸਵਾਦੀ ਵਿਦਵਾਨ ਵੀ ਹੋਏ ਹਨ, ਜੋ ਕਮਿਊਨਿਸਟ ਪਾਰਟੀ ਦੇ ਮੈਂਬਰ ਵੀ ਰਹੇ, ਜਿਹਨਾਂ ਇਸ ਗੱਲ ਉੱਪਰ ਬਹੁਤ ਜ਼ਿਆਦਾ ਜ਼ੋਰ ਦਿੱਤਾ ਕਿ ਜੇਕਰ ਜਮਾਤੀ ਸੰਘਰਸ਼ ਨੂੰ ਅੱਗੇ ਵਧਾਉਣਾ ਹੈ ਤਾਂ ਸੱਭਿਆਚਾਰਕ ਧਰਾਤਲ ’ਤੇ ਲੋਕਾਂ ਦੀਆਂ ਦਿਮਾਗੀ ਗੁਲਾਮੀ ਦੀਆਂ ਬੇੜੀਆਂ ਨੂੰ ਤੋੜਨਾ ਬੇਹੱਦ ਜ਼ਰੂਰੀ ਹੈ। ਉਹਨਾਂ ਨੇ ਥਾਂ-ਥਾਂ ਲਿਖਿਆ ਹੈ ਕਿ ਵਿਚਾਰਾਂ ਦੇ ਧਰਾਤਲ ’ਤੇ, ਸਮਾਜਿਕ ਕਦਰਾਂ ਕੀਮਤਾਂ ਦੇ ਧਰਾਤਲ ’ਤੇ ਭਾਰਤ ਜਿਹੇ ਦੇਸ਼ਾਂ ਵਿੱਚ ਕਮਿਊਨਿਸਟਾਂ ਨੂੰ ਬਹੁਤ ਕੰਮ ਕਰਨਾ ਹੋਵੇਗਾ। ਉਹਨਾਂ ਨੇ ਜਾਤ-ਪਾਤ ਵਿਰੁੱਧ, ਔਰਤਾਂ ਦੀ ਗੁਲਾਮੀ ਵਿਰੁੱਧ, ਧਾਰਮਿਕ ਅੰਧ ਵਿਸ਼ਵਾਸਾਂ ਵਿਰੁੱਧ ਲਗਾਤਾਰ ਲਿਖਿਆ।

ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਕਮਿਊਨਿਸਟਾਂ ਦੇ ਉੱਚ ਜਾਤੀ ਮੂਲ ਦੇ ਹੋਣਾ, (ਇਹ ਇੱਕ ਵੱਖਰਾ ਸਵਾਲ ਹੈ ਕਿ ਕੀ ਉਸ ਸਮੇਂ ਸਾਰੇ ਕਮਿਊਨਿਸਟ ਉੱਚ ਜਾਤਾਂ ਵਿੱਚੋਂ ਹੀ ਸਨ) ਉਹਨਾਂ ਦਾ ਸ਼ਹਿਰੀ ਨਿੱਕ ਬੁਰਜੂਆ ਪਰਿਵਾਰਾਂ ’ਚੋਂ ਹੋਣਾ’ (ਇਹ ਵੀ ਇੱਕ ਵੱਖਰਾ ਸਵਾਲ ਹੈ ਕਿ ਕਿੰਨੇ ਕੁ ਕਮਿਊਨਿਸਟ ਸ਼ਹਿਰੀ ਨਿੱਕ ਬੁਰਜੂਆ ਪਿਛੋਕੜ ’ਚੋ ਆਏ ਸਨ) ਅਤੇ ‘ਪੁਰਸ਼ ਹੋਣਾ’ (ਇੱਥੇ ਫਿਰ ਇਹ ਸਵਾਲ ਕਰਨਾ ਬਣਦਾ ਹੈ ਕਿ ਉਸ ਸਮੇਂ ਕਮਿਊਨਿਸਟ ਲਹਿਰ ਵਿੱਚ ਔਰਤਾਂ ਦੀ ਗਿਣਤੀ ਬਿਲਕੁਲ ਨਦਾਰਦ ਸੀ) ਕਿਤੇ ਵੀ ਕਮਿਊਨਿਸਟਾਂ ਦੇ ਛੂਆ-ਛੂਤ ਵਿਰੁੱਧ, ਔਰਤਾਂ ’ਤੇ ਜ਼ਬਰ ਵਿਰੁੱਧ ਅਤੇ ਕਿਸਾਨੀ ਦੀ ਮੁਕਤੀ ਲਈ ਲੜਨ ਦੇ ਰਾਹ ਵਿੱਚ ਰੁਕਾਵਟ ਨਹੀਂ ਬਣਿਆ। ਇਹ ਸਿਰਫ ਗੇਲ ਅਤੇ ਉਸ ਜਿਹੇ ਹੋਰ ਦਲਿਤਵਾਦੀਆਂ ਦੇ ਤੰਗ-ਨਜ਼ਰ ਜਾਤ-ਪਾਤੀ ਤੁਅੱਸਬਾ ਨਾਲ਼ ਗ੍ਰਸਤ ਦਿਮਾਗ ’ਚੋਂ ਉਪਜਿਆ ਇੱਕ ਭਰਮ ਮਾਤਰ ਹੈ।

ਦੇਖਿਆ ਜਾਵੇ ਤਾਂ ਪੂਰੀ ਦੁਨੀਆਂ ਵਿੱਚ ਕਮਿਊਨਿਸਟ ਪਾਰਟੀਆਂ ਦਾ ਮੁੱਢ ਮੱਧ ਵਰਗ ਅਤੇ ਕੁਝ ਉੱਚ ਵਰਗਾਂ ’ਚੋਂ ਆਏ ਨੌਜਵਾਨ ਬੁੱਧੀਜੀਵੀਆਂ ਨੇ ਹੀ ਬੰਨ੍ਹਿਆ ਸੀ। ਬਾਅਦ ਵਿੱਚ ਉਹ ਮਜ਼ਦੂਰ ਜਮਾਤ ਅਤੇ ਹੋਰ ਕਿਰਤੀਆਂ ਨਾਲ਼ ਇਕ-ਰੂਪ ਹੋ ਗਏ। ਉਹਨਾਂ ਨੂੰ ਜੱਥੇਬੰਦ ਕੀਤਾ। ਲੁੱਟੇ-ਪੁੱਟਿਆਂ ਨੂੰ ਉਹਨਾਂ ਦੀ ਮੁਕਤੀ ਦੀ ਵਿਚਾਰਧਾਰਾ ਅਤੇ ਰਾਹ ਤੋਂ ਜਾਣੂੰ ਕਰਵਾਇਆ। ਇਸ ਪ੍ਰਕਿਰਿਆ ਨੇ ਇਤਿਹਾਸ ਵਿੱਚ ਕਈ ਯੁੱਗ ਗਰਦੀਆਂ ਨੂੰ ਜਨਮ ਦਿੱਤਾ। ਇੰਝ ਕਮਿਊਨਿਸਟਾਂ ਦਾ ਗੈਰ ਮਜ਼ਦੂਰ ਮੂਲ ਦੇ ਹੋਣਾ, ਉਹਨਾਂ ਦੁਆਰਾ ਮਜ਼ਦੂਰਾਂ ਅਤੇ ਹੋਰ ਕਿਰਤੀਆਂ ਨੂੰ ਜੱਥੇਬੰਦ ਕਰਨ ਅਤੇ ਇਨਕਲਾਬਾਂ ਦੇ ਰਾਹ ਤੋਰਨ ਵਿੱਚ ਕਿਤੇ ਵੀ ਰੁਕਾਵਟ ਨਹੀਂ ਬਣਿਆ। ਗੇਲ ਦੇ ਤਰਕ ਮੁਤਾਬਕ ਤਾਂ ਅਜਿਹਾ ਨਹੀਂ ਸੀ ਹੋਣਾ ਚਾਹੀਦਾ। ਵੈਸੇ ਦੇਖਿਆ ਜਾਵੇ ਤਾਂ ਗੇਲ ਖੁਦ ਵੀ ਦਲਿਤ ਨਹੀਂ ਪਰ ਫਿਰ ਵੀ ਦਲਿਤ ਸਮੱਸਿਆ ਅਤੇ ਦਲਿਤ “ਮੁਕਤੀ” ਬਾਰੇ ਉਸਨੇ ਕਈ ਗ੍ਰੰਥਾਂ ਦੀ ਰਚਨਾ ਕੀਤੀ ਹੈ। ਉਸ ਦਾ ਗੈਰ ਦਲਿਤ ਹੋਣਾ ਇੱਥੇ ਕੋਈ ਰੁਕਾਵਟ ਨਹੀਂ ਬਣ ਰਿਹਾ।

ਗੇਲ ਦੇ ਉੱਪਰ ਦਿੱਤੇ ਹਵਾਲੇ ਨੂੰ ਗਹੁ ਨਾਲ਼ ਵਾਚਿਆ ਜਾਵੇ ਤਾਂ ਇਹ ਦੇਖਿਆ ਜਾ ਸਕਦਾ ਹੈ ਕਿ ਸ਼ੁਰੂ ਵਿੱਚ ਉਹ ਕਹਿੰਦੀ ਹੈ ਕਿ ਮਾਰਕਸਵਾਦ ਜਾਤ ਜਾਂ ਹੋਰ ਗੈਰ ਜਮਾਤੀ

ਵਿਰੋਧਤਾਈਆਂ ਨੂੰ ਨਜਿੱਠਣ ਦੇ ਅਯੋਗ ਹੈ। ਪਰ ਬਾਅਦ ਵਿੱਚ ਕਹਿੰਦੀ ਹੈ ਕਿ ਅਜਿਹਾ ਨਹੀਂ ਹੈ। ਆਪਣੀ ਉਪਰੋਕਤ ਕਿਤਾਬ ਵਿੱਚ ਇੱਕ ਹੋਰ ਥਾਵੇਂ ਉਹ ਜੋਤਿਬਾ ਫੂਲੇ ਦੁਆਰਾ ਉਪਲਬਧ ਗਿਆਨ ਰਾਹੀਂ ਇਤਿਹਾਸਕ ਭੌਤਿਕਵਾਦ ਨੂੰ ਵਿਕਸਿਤ ਕੀਤੇ ਜਾਣ ਦੀ ਗੱਲ ਕਰਦੀ ਹੈ। (ਦੇਖੋ ਉਪਰੋਕਤ ਪੰਨਾ-29)। ਅਜਿਹੀਆਂ ਆਪਾ ਵਿਰੋਧੀ ਗੱਲਾਂ ਕਰਕੇ ਉਹ ਸਾਬਤ ਕਰ ਦਿੰਦੀ ਹੈ ਕਿ ਉਹ ਅੰਬੇਡਕਰ ਦੀ ਸੱਚੀ ਪੈਰੋਕਾਰ ਹੈ ਜੋ ਕਿ ਹਰ ਸਵਾਲ ਉੱਪਰ ਆਪਾ ਵਿਰੋਧੀ ਗੱਲਾਂ ਕਰਦੇ ਹਨ। ਖੈਰ ਗੇਲ ਦਾ ਕਹਿਣਾ ਹੈ ਕਿ ਇਤਿਹਾਸਕ ਭੌਤਿਕਵਾਦ ਵਿੱਚ ਨੁਕਸ ਕਾਰਨ ਨਹੀਂ ਸਗੋਂ ਭਾਰਤ ਦੀਆਂ ਹਾਲਤਾਂ ਬਾਰੇ ਮਾਰਕਸ ਏਂਗਲਜ਼ ਦੀ ਘੱਟ ਜਾਣਕਾਰੀ ਹੋਣ ਕਰਕੇ ਦਲਿਤ ਮੁਕਤੀ ਦਾ ਕੋਈ ਮਾਰਕਸਵਾਦੀ ਸਿਧਾਂਤ ਵਿਕਸਿਤ ਨਹੀਂ ਹੋ ਸਕਿਆ। ਭਾਵ ਮਾਰਕਸ ਏਂਗਲਜ਼ ਨੂੰ ਇਹ ਕੰਮ ਵੀ ਕਰ ਹੀ ਜਾਣਾ ਚਾਹੀਦਾ ਸੀ। ਕਿਸੇ ਵੀ ਵਿਗਿਆਨਕ ਤੋਂ ਜੋ ਕੋਈ ਨਵਾਂ ਵਿਗਿਆਨਕ ਸਿਧਾਂਤ ਵਿਕਸਿਤ ਕਰਦਾ ਹੈ, ਉਸ ਤੋਂ ਉਹ ਉਮੀਦ ਨਹੀਂ ਕੀਤੀ ਜਾ ਸਕਦੀ/ਜਾਣੀ ਚਾਹੀਦੀ ਕਿ ਉਹ ਹਰ ਵਰਤਾਰੇ ਦੀ ਵਿਆਖਿਆ ਕਰੇ। ਕਿਉਂਕਿ ਇਹ ਕੰਮ ਉਸ ਸਿਧਾਂਤ ਦੇ ਪੈਰੋਕਾਰ ਦਾ ਹੁੰਦਾ ਹੈ ਕਿ ਉਹ ਉਸਦੀ ਮੱਦਦ ਨਾਲ਼ ਵੱਖ-ਵੱਖ ਵਰਤਾਰਿਆਂ ਨੂੰ ਸਮਝਣ। ਮਾਰਕਸ ਏਂਗਲਜ਼ ਨੇ ਕੁਦਰਤ ਅਤੇ ਉਸਦੇ ਹੀ ਵਾਧੇ ਸਮਾਜ ਦੇ ਵੱਖ-ਵੱਖ ਵਰਤਾਰਿਆਂ ਨੂੰ ਸਮਝਣ ਲਈ ਦਵੰਦਵਾਦੀ ਪੱਧਤੀ ਵਿਕਸਿਤ ਕੀਤੀ ਸੀ। ਇਹ ਕੰਮ ਭਾਰਤ ਦੇ ਮਾਰਕਸਵਾਦੀਆਂ ਦਾ ਸੀ ਕਿ ਉਹ ਇਸ ਪੱਧਤੀ ਦੀ ਮੱਦਦ ਨਾਲ਼ ਭਾਰਤ ਵਿੱਚ ਜਾਤੀ ਵਿਵਸਥਾ ਨੂੰ ਸਮਝਦੇ। ਭਾਰਤ ਦੇ ਮਾਰਕਸਵਾਦੀ ਇਤਿਹਾਸਕਾਰਾਂ ਨੇ ਬਹੁਤ ਹੀ ਸ਼ਾਨਦਾਰ ਢੰਗ ਨਾਲ਼ ਇਹ ਕੰਮ ਕੀਤਾ ਵੀ। ਇਸ ਦੀ ਚਰਚਾ ਅਸੀਂ ਅੱਗੇ ਚੱਲਕੇ ਕਰਾਂਗੇ। ਪਰ ਭਾਰਤ ਦੀ ਕਮਿਊਨਿਸਟ ਪਾਰਟੀ ਇਸ ਵਿੱਚ ਅਸਫਲ ਰਹੀ ਜਿਸ ਦੀ ਕਾਫੀ ਚਰਚਾ ਅਸੀਂ ਉੱਪਰ ਕਰ ਆਏ ਹਾਂ।

ਗੇਲ ਮੁਤਾਬਕ ਜਾਤ-ਪਾਤ ਅਤੇ ਪਿੱਤਰ ਸੱਤਾ 'ਗੈਰ-ਜਮਾਤੀ' ਵਿਰੋਧਤਾਈਆਂ ਹਨ। ਜਾਤ-ਪਾਤੀ ਅਤੇ ਪਿੱਤਰ ਸੱਤਾ ਆਦਿ ਵਿਰੋਧਤਾਈਆਂ ਦੇ ਜਮਾਤੀ ਸਾਰ ਤੱਤ ਨੂੰ ਨਾ ਦੇਖਣਾ ਇਹਨਾਂ ਸਮੱਸਿਆ ਪ੍ਰਤੀ ਇਕ ਸੱਤਹੀ ਅਤੇ ਗੈਰ-ਵਿਗਿਆਨਕ ਪਹੁੰਚ ਹੈ।

ਅੰਬੇਡਕਰਵਾਦ ਅਤੇ ਦਲਿਤ ਮੁਕਤੀ

ਅੱਜ ਲਗਭਗ ਸਭ ਤਰ੍ਹਾਂ ਦੇ ਦਲਿਤਵਾਦੀ ਅੰਬੇਡਕਰ ਨੂੰ ਦਲਿਤਾਂ ਦੇ ਮਸੀਹਾ ਵਜੋਂ ਪੇਸ਼ ਕਰਦੇ ਹਨ। ਉਹਨਾਂ ਮੁਤਾਬਕ ਦਲਿਤ ਮੁਕਤੀ ਦਾ ਇਕੋ ਇੱਕ ਸਿਧਾਂਤ ਅੰਬੇਡਕਰਵਾਦ ਹੈ। ਕੁਝ ਇਕ ਦਾ ਕਹਿਣਾ ਹੈ ਕਿ ਜਾਤ-ਪਾਤ ਦੇ ਖਾਤਮੇ ਲਈ ਅੰਬੇਡਕਰਵਾਦ ਜ਼ਰੂਰੀ ਹੈ ਅਤੇ ਜਮਾਤਾਂ ਨੂੰ ਖਤਮ ਕਰਨ ਲਈ ਮਾਰਕਸਵਾਦ ਦੀ ਲੋੜ ਹੈ। ਪੇਪਰ ਦੇ ਇਸ ਭਾਗ ਵਿੱਚ ਅਸੀਂ ਇਹ ਦੇਖਣ ਦੀ ਕੋਸ਼ਿਸ਼ ਕਰਾਂਗੇ ਕਿ ਕੀ ਸੱਚਮੁਚ ਹੀ ਅੰਬੇਡਕਰ ਦਲਿਤਾਂ ਦੇ ਸਮਾਜਿਕ-ਸਿਆਸੀ-ਆਰਥਿਕ ਦਾਬੇ ਤੋਂ ਮੁਕਤੀ ਦਾ ਕੋਈ ਮਾਰਗ ਸੁਝਾਂਉਂਦੇ ਹਨ ? ਕੀ ਅੰਬੇਡਕਰਵਾਦ ਕੋਲ ਸੱਚਮੁਚ ਦਲਿਤ ਮੁਕਤੀ ਦਾ ਕੋਈ ਪ੍ਰੋਜੈਕਟ ਹੈ ?

ਇਸ ਲਈ ਸਾਨੂੰ ਅੰਬੇਡਕਰ ਦੇ ਫਲਸਫੇ, ਉਹਨਾਂ ਦੇ ਰਾਜਨੀਤੀ ਸ਼ਾਸਤਰ, ਅਰਥ ਸ਼ਾਸਤਰ ਅਤੇ ਸਮਾਜ ਸ਼ਾਸਤਰ ਦੀ ਛਾਣਬੀਣ ਕਰਨੀ ਹੋਵੇਗੀ। ਇਹ ਨਿਸ਼ਚੇ ਹੀ ਇਕ ਜੋਖਮ ਭਰਿਆ ਕੰਮ ਹੈ। ਕਿਉਂਕਿ ਕਿਸੇ ਵੀ ਸਾਵਲ ਉੱਪਰ ਅੰਬੇਡਕਰ ਦਾ ਸਟੈਂਡ ਦੱਸ ਸਕਣਾ ਬਹੁਤ ਮੁਸ਼ਕਿਲ ਹੈ। ਇਕ ਥਾਵੇਂ ਉਹ ਜੋ ਗੱਲ ਕਹਿੰਦੇ ਹਨ, ਦੂਜੀ ਥਾਵੇਂ ਉਹ ਉਸਦੇ ਬਿਲਕੁਲ ਉਲਟ ਗੱਲ ਕਰਦੇ ਹਨ। ਕੁਲ ਮਿਲਾਕੇ ਅੰਬੇਡਕਰਵਾਦ ਇਕ ਵਿਚਾਰਧਾਰਕ ਭੰਬਲਭੂਸਾ (confusion) ਹੈ। ਜੇਕਰ ਕੋਈ ਵੀ ਅੰਬੇਡਕਰਵਾਦੀ ਅੰਬੇਡਕਰ ਦੀ ਰਚਨਾਵਾਂ ਦਾ ਅਧਿਐਨ ਕਰੇ (ਭਾਵੇਂ ਕਿ ਇਹ ਕੰਮ ਪਾਠਕ ਤੋਂ ਬਹੁਤ ਸਬਰ ਦੀ ਮੰਗ ਕਰਦਾ ਹੈ) ਤਾਂ ਸ਼ਾਇਦ ਉਹ ਅੰਬੇਡਕਰਵਾਦੀ ਨਾ ਹੀ ਰਹਿ ਜਾਵੇ। ਅਸੀਂ ਤਾਂ ਇਸ ਪੇਪਰ ਵਿੱਚ ਅੰਬੇਡਕਰਵਾਦ ਉੱਪਰ ਸੰਖੇਪ 'ਚ ਹੀ ਆਪਣੀ ਰਾਏ ਰੱਖਾਂਗੇ, ਜੇਕਰ ਅੰਬੇਡਕਰਵਾਦ ਦੀ ਵਧੇਰੇ ਵਿਸਥਾਰਤ ਅਲੋਚਨਾ ਵਿੱਚ ਕਿਸੇ ਦੀ ਦਿਲਚਸਪੀ ਹੋਵੇ ਤਾਂ ਅਸੀਂ ਉਸਨੂੰ ਤੇਲਗੂ ਲੇਖਿਕਾ **ਰੰਗਾਨਾਇਆਕੰਮਾ** ਦੀ ਕਿਤਾਬ **'ਜਾਤ' ਦੇ ਸਵਾਲ ਦੇ ਹੱਲ ਲਈ - ਬੁੱਧ ਕਾਫ਼ੀ ਨਹੀਂ, ਅੰਬੇਡਕਰ ਵੀ ਕਾਫੀ ਨਹੀਂ, ਮਾਰਕਸ ਜ਼ਰੂਰੀ ਹਨ**, ਪੜ੍ਹਨ ਦੀ ਜ਼ੋਰਦਾਰ ਸਿਫਾਰਿਸ ਕਰਾਂਗੇ। ਇਹ ਕਿਤਾਬ ਤੇਲਗੂ, ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ ਹੈ। ਆਓ ਹੁਣ ਇਕ ਇਕ ਕਰਕੇ ਅਸੀਂ ਅੰਬੇਡਕਰ ਦੇ ਸੰਸਾਰ ਦ੍ਰਿਸ਼ਟੀਕੋਣ ਭਾਵ ਉਹਨਾਂ ਦੇ ਫਲਸਫੇ, ਉਹਨਾਂ ਦੇ ਰਾਜਨੀਤੀ ਸ਼ਾਸਤਰ, ਅਰਥ ਸ਼ਾਸਤਰ ਅਤੇ ਸਮਾਜ ਸ਼ਾਸਤਰ ਦੀ ਚਰਚਾ ਕਰਦੇ ਹਾਂ।

1) ਅੰਬੇਡਕਰ ਦਾ ਸੰਸਾਰ ਦ੍ਰਿਸ਼ਟੀਕੋਣ

ਅੰਬੇਡਕਰ ਨੇ 1936 ਵਿੱਚ, ਜਾਤੀ ਪ੍ਰਥਾ ਦਾ ਖਾਤਮਾ ਨਾਮਕ ਲੇਖ ਵਿੱਚ ਹਿੰਦੂ ਧਰਮ ਨੂੰ ਛੱਡਣ ਦਾ ਐਲਾਨ ਕੀਤਾ ਸੀ। ਪਰ 20 ਸਾਲਾਂ ਤੱਕ ਉਹਨਾਂ ਹਿੰਦੂ ਧਰਮ ਨੂੰ ਨਾ ਛੱਡਿਆ ਅਤੇ 1956 'ਚ ਜਾ ਕੇ 66 ਸਾਲ ਦੀ ਉਮਰ ਵਿੱਚ ਉਹਨਾਂ ਨੇ ਹਿੰਦੂ ਧਰਮ ਛੱਡਕੇ ਬੁੱਧ ਧਰਮ ਅਪਨਾ ਲਿਆ। ਸਾਰੀ ਉਮਰ ਉਹਨਾਂ ਦੀ ਧਰਮ ਵਿੱਚ ਆਸਥਾ ਬਣੀ ਰਹੀ। ਕਹਿਣ ਦਾ ਭਾਵ ਲਗਭਗ ਸਾਰਾ ਜੀਵਨ ਉਹਨਾਂ ਦਾ ਸੰਸਾਰ ਦ੍ਰਿਸ਼ਟੀਕੋਣ ਵਿਚਾਰਵਾਦੀ ਰਿਹਾ। ਆਪਣੇ ਜੀਵਨ ਦੇ ਅੰਤਿਮ ਸਾਲਾਂ ਵਿੱਚ ਉਹ ਬੁੱਧਮਤ ਤੱਕ ਪਹੁੰਚੇ। ਜਾਣੀ ਉਹ ਵਿਚਾਰਵਾਦ ਤੋਂ ਯਾਤਰਾ ਕਰਕੇ ਮੁੱਢ ਕਦੀਮੀ, ਅਣਘੜ, ਮਸ਼ੀਨੀ ਪਦਾਰਥਵਾਦ (Primitive, Crude Mechanical Materialism) ਤੱਕ ਪਹੁੰਚੇ, ਜੋ ਕਿ ਵੱਖ ਵੱਖ ਵਰਤਾਰਿਆਂ ਨੂੰ ਭਾਵੇਂ ਉਹ ਕੁਦਰਤੀ ਹੋਣ ਜਾਂ ਸਮਾਜੀ, ਉਹਨਾਂ ਨੂੰ ਵਿਗਿਆਨਕ ਢੰਗ ਨਾਲ਼ ਸਮਝਣ ਵਿੱਚ ਕੋਈ ਮੱਦਦ ਨਹੀਂ ਕਰਦਾ। ਅੰਬੇਡਕਰ ਦਾ ਬੁੱਧਵਾਦ ਮੁੱਢ ਕਦੀਮੀ (Primitive) ਬੁੱਧਵਾਦ ਹੈ, ਇਹ ਬੁੱਧ ਦਾ ਬੁੱਧਵਾਦ ਹੈ ਨਾ ਕਿ ਬੁੱਧ ਤੋਂ ਬਾਅਦ ਦੇ ਬੋਧੀ ਦਾਰਸ਼ਨਿਕਾਂ ਦਿਗਨਾਗ, ਨਾਗਾਰਜੁਨ, ਵਸੂਬੰਧੂ ਦਾ ਬੁੱਧਵਾਦ, ਜਿਹਨਾਂ ਨੇ ਬੁੱਧਵਾਦ ਨੂੰ ਵਿਕਸਿਤ ਕਰਨ ਅਤੇ ਇਸ ਵਿੱਚ ਪੈਦਾ ਹੋਏ ਵਿਗਾੜਾਂ ਨੂੰ ਦੂਰ ਕਰਨ ਦਾ ਯਤਨ ਕੀਤਾ ਸੀ। ਦਰਅਸਲ ਬੁੱਧਵਾਦ ਜਾਂ ਬੁੱਧ ਧਰਮ (ਜਿਵੇਂ ਕਿ ਅੰਬੇਡਕਰ ਇਸ ਨੂੰ ਕਹਿੰਦੇ ਹਨ) ਬੁੱਧ ਦੇ ਜੀਵਨ ਵਿੱਚ

ਹੀ ਆਪਣਾ ਇਨਕਲਾਬੀ ਖਾਸਾ ਗਵਾ ਚੁੱਕਾ ਸੀ। ਬੁੱਧ ਦੇ ਜੀਵਨ ਵਿੱਚ ਸਥਾਪਤੀ ਨਾਲ਼ ਉਸਦੇ ਸਮਝੌਤਿਆਂ ਦੀ ਸ਼ੁਰੂਆਤ ਹੋ ਗਈ ਸੀ ਕਿ ਕਰਜ਼ਦਾਰ ਕਿਸਾਨ ਆਪਣਾ ਕਰਜ਼ਾ ਚੁਕਾਏ ਬਗੈਰ ਪ੍ਰਵਰਜਿਆ ਨਹੀਂ ਲੈ ਸਕਦਾ, ਔਰਤਾਂ ਆਪਣੇ ਪਤੀ ਦੀ ਮਰਜੀ ਤੋਂ ਬਿਨਾਂ ਪ੍ਰਵਰਜਿਆ ਨਹੀਂ ਲੈ ਸਕਦੀਆਂ, ਸੈਨਿਕ ਵੀ ਬਿਨਾਂ ਆਗਿਆ ਪ੍ਰਵਰਿਜਆ ਨਹੀਂ ਲੈ ਸਕਦੇ। (ਇਹ ਹੈ ਅੰਬੇਡਕਰ ਦਾ ਬੁੱਧਵਾਦ। ਜੇਕਰ ਇਸਨੂੰ ਅੱਜ ਦੇ ਸਮਾਜ 'ਤੇ ਲਾਗੂ ਕੀਤਾ ਜਾਵੇ ਤਾਂ ਇਸਦੇ ਭਿਆਨਕ ਨਤੀਜੇ ਸਾਹਮਣੇ ਆਉਣਗੇ। ਇਸ ਮੁਤਾਬਕ ਪਿੰਡਾਂ ਦੇ ਦਲਿਤ ਜੋ ਧਨੀ ਕਿਸਾਨਾਂ ਦੇ ਕਰਜਾਈ ਹਨ, ਸਾਰੀ ਉਮਰ ਧਨੀ ਕਿਸਾਨਾਂ ਦੀ ਗੁਲਾਮੀ ਭੋਗਦੇ ਰਹਿਣਗੇ। ਸਭ ਔਰਤਾਂ ਨੂੰ ਉਹਨਾਂ ਦੇ ਪਤੀਆਂ ਦੇ ਰਹਿਮੋ ਕਰਮ 'ਤੇ ਛੱਡਣਾ ਹੋਵੇਗਾ।) ਜਦੋਂ ਬੜੇ-ਬੜੇ ਬੌਧ ਵਿਹਾਰ ਬਣਾਉਣ ਲਈ ਰਾਜੇ ਧਨ ਦੇਣ ਲੱਗ ਪਏ, ਜਦੋਂ ਰਾਜੇ ਇਸ ਨੂੰ ਸਬਸੀਡਾਈਜ਼ ਕਰਨ ਲੱਗ ਪਏ, ਜਦੋਂ ਬੁੱਧਵਾਦ "ਪਬਲਿਕ ਸੈਕਟਰ ਇੰਟਰਪ੍ਰਾਈਜ਼" ਬਣ ਗਿਆ ਤਾਂ ਬੁੱਧ ਸਮਝੌਤਿਆਂ ਦੇ ਰਾਹ ਤੁਰ ਪਏ। ਭਿਕਸ਼ੂਆਂ ਨੂੰ ਖਵਾਉਣ ਲਈ ਜਦੋਂ ਬੁੱਧ ਲੋਕਾਂ ਉੱਪਰ ਨਿਰਭਰਤਾ ਛੱਡ ਕੇ ਰਾਜਿਆਂ ਉੱਪਰ ਨਿਰਭਰ ਹੋ ਗਏ ਤਾਂ ਬੁੱਧ ਧਰਮ ਦਾ ਪਤਣ ਹੋ ਗਿਆ। (ਪਹਿਲੀ ਵਾਰ ਦੁਖਾਂਤ ਤੇ ਦੂਜੀ ਵਾਰ ਸਵਾਂਗ ਦੇ ਰੂਪ ਵਿੱਚ ਆਪਣੇ ਅੰਤਿਮ ਸਮੇਂ ਵਿੱਚ ਅੰਬੇਡਕਰ ਨਾਲ਼ ਵੀ ਇਹੋ ਕੁਝ ਹੋਇਆ)

ਵਿਚਾਰ ਆਪਣੇ ਸਮੇਂ ਦੀਆਂ ਭੌਤਿਕ ਹਾਲਤਾਂ ਵਿੱਚੋਂ ਪੈਦਾ ਹੁੰਦੇ ਹਨ। ਆਪਣੇ ਸਮੇਂ ਦੀਆਂ ਸਮੱਸਿਆਵਾਂ ਦਾ ਹੱਲ ਦਿੰਦੇ ਹਨ। ਫਿਰ ਵਿਚਾਰ ਜਾਂ ਤਾਂ ਖੁਦ ਨੂੰ ਬਦਲ ਲੈਣ ਨਹੀਂ ਤਾਂ ਵਿਚਾਰ ਪੁਰਾਣੇ ਪੈ ਜਾਂਦੇ ਹਨ ਅਤੇ ਇਤਿਹਾਸ ਦੀ ਚੀਜ਼ ਬਣ ਜਾਂਦੇ ਹਨ। ਸਮਾਜਿਕ ਹਾਲਤਾਂ ਬਦਲਦੀਆਂ ਹਨ, ਨਵੀਆਂ ਵਿਰੋਧਤਾਈਆਂ ਪੈਦਾ ਹੁੰਦੀਆਂ ਹਨ ਅਤੇ ਉਹਨਾਂ ਦੇ ਹੱਲ ਲਈ ਨਵੀਆਂ ਹਾਲਤਾਂ ਵਿੱਚੋਂ ਨਵਾਂ ਫਲਸਫਾ ਉਪਜਦਾ ਹੈ, ਜੋ ਨਿਸ਼ਚੇ ਹੀ ਆਪਣੀ ਵਿਰਾਸਤ ਤੋਂ ਵੀ ਸਿੱਖਦਾ ਹੈ ਪਰ ਉਸ ਤੋਂ ਅੱਜ ਦੀਆਂ ਸਮੱਸਿਆਵਾਂ ਦੀ ਉਮੀਦ ਨਹੀਂ ਕਰਦਾ।

ਅੰਬੇਡਕਰ ਇਹ ਸਪਸ਼ਟ ਨਹੀਂ ਕਰਦੇ ਕਿ ਭਾਰਤ ਵਿੱਚ ਗੁਲਾਮਦਾਰੀ ਯੁੱਗ ਵਿੱਚ ਪੈਦਾ ਹੋਇਆ ਫਲਸਫਾ ਪੂੰਜੀਵਾਦੀ ਸਮਾਜ (ਅੰਬੇਡਕਰ ਦੇ ਸਮੇਂ ਅਰਧ ਜਗੀਰੂ - ਬਸਤੀਵਾਦੀ ਅਤੇ ਆਜ਼ਾਦੀ ਤੋਂ ਬਾਅਦ ਪੂੰਜੀਵਾਦੀ ਵਿਕਾਸ ਦੇ ਰਾਹ ਪਏ ਭਾਰਤੀ ਸਮਾਜ) ਦੀਆਂ ਸਮੱਸਿਆਵਾਂ ਨੂੰ ਕਿਵੇਂ ਹੱਲ ਕਰ ਸਕਦਾ ਹੈ ਅਤੇ ਨਾ ਹੀ ਅੰਬੇਡਕਰ ਦੇ ਵਰਤਮਾਨ ਪੈਰੋਕਾਰਾਂ ਕੋਲ ਹੀ ਇਸ ਸਵਾਲ ਦਾ ਕੋਈ ਜਵਾਬ ਹੈ। ਦਰਅਸਲ ਸਮਾਜੀ ਵਰਤਾਰਿਆਂ ਨੂੰ ਸਮਝਣ 'ਚ ਅੰਬੇਡਕਰ ਹਮੇਸ਼ਾ ਵਿਚਾਰਵਾਦੀ ਬਣੇ ਰਹੇ, ਬੁੱਧਮਤ ਨੂੰ ਅਪਣਾਉਣ (ਜੋ ਕਿ ਰੱਬ ਦੀ ਹੋਂਦ ਤੋਂ ਇਨਕਾਰੀ ਹੈ) ਤੋਂ ਬਾਅਦ ਵੀ ਉਹ ਧਰਮ ਨੂੰ ਸਮਾਜ ਲਈ ਜ਼ਰੂਰੀ ਸਮਝਦੇ ਰਹੇ। ਰਾਜਨੀਤੀ, ਆਰਥਿਕਤਾ ਅਤੇ ਸਮਾਜ ਸ਼ਾਸਤਰ ਦੇ ਖੇਤਰ ਵਿੱਚ ਅੰਬੇਡਕਰ ਨੇ ਜੋ ਵੀ ਗਲਤੀਆਂ ਕੀਤੀਆਂ, ਉਹਨਾਂ ਦੀ ਜੜ੍ਹ ਅੰਬੇਡਕਰ ਦੇ ਵਿਚਾਰਵਾਦੀ ਸੰਸਾਰ ਦ੍ਰਿਸ਼ਟੀਕੋਣ ਵਿੱਚ ਹੀ ਲੱਭੀ ਜਾਣੀ ਚਾਹੀਦੀ ਹੈ।

2) ਅੰਬੇਡਕਰ ਦਾ ਰਾਜਨੀਤੀ ਸ਼ਾਸਤਰ

ਕੌਮੀ ਲਹਿਰ ਵੇਲੇ ਦੇਸ਼ ਵਿੱਚ ਜਾਤ-ਪਾਤ ਅਤੇ ਛੂਆ-ਛੂਤ ਵਿਰੋਧੀ ਲਹਿਰ (ਬੇਸ਼ੱਕ ਜਾਤ-ਪਾਤ ਅਤੇ ਛੂਆ-ਛੂਤ ਵਿਰੋਧੀ ਇਹ ਇਕੋ ਇਕ ਲਹਿਰ ਨਹੀਂ ਸੀ) ਵਿੱਚ ਤਿੰਨ ਉੱਘੇ ਨਾਮ ਹਨ: ਜੋਤੀਬਾ ਫੂਲੇ, ਅੰਬੇਡਕਰ ਅਤੇ ਪੇਰੀਆਰ। ਜੋਤੀਬਾ ਫੂਲੇ ਅੰਬੇਡਕਰ ਦੇ ਪੂਰਵਜ਼ ਹਨ ਜਦ ਕਿ ਪੇਰੀਆਰ ਉਹਨਾਂ ਦੇ ਸਮਕਾਲੀ। ਜਾਤ ਦੇ ਮੂਲ ਅਤੇ ਇਸ ਦੇ ਖਾਤਮੇ ਆਦਿ ਸਵਾਲਾਂ 'ਤੇ ਇਹਨਾਂ ਤਿੰਨਾਂ ਦੇ ਵਿਚਾਰ ਵੱਖ ਵੱਖ ਹਨ, ਪਰ ਬ੍ਰਿਟਿਸ਼ ਸਾਮਰਾਜਵਾਦ ਪ੍ਰਤੀ ਇਹਨਾਂ ਦੀ ਪਹੁੰਚ ਸਮਾਨ ਹੈ। ਭਾਰਤ ਦੇ ਬਸਤੀਕਰਨ ਨਾਲ, ਅੰਗਰੇਜ਼ਾਂ ਦੁਆਰਾ ਭਾਰਤ ਦੇ ਕੁਦਰਤੀ ਸਾਧਨਾਂ ਅਤੇ ਇੱਥੋਂ ਦੀ ਸਸਤੀ ਕਿਰਤ ਸ਼ਕਤੀ ਦੀ ਅੰਨ੍ਹੀ ਲੁੱਟ ਦੇ ਉਪ ਉਤਪਾਦ ਦੇ ਤੌਰ 'ਤੇ ਇੱਥੇ ਜੋ ਪੂੰਜੀਵਾਦੀ ਵਿਕਾਸ ਦੀ ਸ਼ੁਰੂਆਤ ਹੋਈ, ਉਸ ਨਾਲ਼ ਇੱਥੇ ਜਾਤੀ ਅਧਾਰਿਤ ਕਠੋਰ ਕਿਰਤ ਵੰਡ ਵਿੱਚ ਤਰੇੜਾਂ ਆਉਣੀਆਂ ਸ਼ੁਰੂ ਹੋਈਆਂ। ਨਵੇਂ-ਨਵੇਂ ਕਿੱਤਿਆਂ ਦੇ ਪੈਦਾ ਹੋਣ ਨਾਲ਼ ਦਲਿਤਾਂ ਦੇ ਇੱਕ ਹਿੱਸੇ ਨੂੰ ਆਪਣੇ ਜਾਤ ਅਧਾਰਿਤ ਕਿੱਤੇ ਛੱਡਣ ਦਾ ਮੌਕਾ ਮਿਲਿਆ। ਅੰਗਰੇਜ਼ਾਂ ਦੁਆਰਾ ਸ਼ੁਰੂ ਕੀਤੇ ਵਿਦਿਅਕ ਪ੍ਰਬੰਧ ਵਿੱਚ ਦਲਿਤਾਂ ਦੇ ਇਕ ਛੋਟੇ ਜਿਹੇ ਹਿੱਸੇ ਨੂੰ ਵੀ ਪੜ੍ਹਨ ਲਿਖਣ ਦਾ ਮੌਕਾ ਮਿਲਿਆ। ਇਹਨਾਂ "ਸੁਧਾਰਾਂ" ਕਾਰਨ ਫੂਲੇ, ਅੰਬੇਡਕਰ, ਪੇਰੀਆਰ ਜਿਹੇ ਸਮਾਜ ਸੁਧਾਰਕ ਬ੍ਰਿਟਿਸ਼ ਰਾਜ ਪ੍ਰਤੀ ਪ੍ਰਸ਼ੰਸਾ ਦਾ ਰੁਖ ਰੱਖਦੇ ਸਨ। ਬੇਸ਼ੱਕ ਫੂਲੇ ਅਤੇ ਅੰਬੇਡਕਰ ਬ੍ਰਿਟਿਸ਼ ਰਾਜ ਦੀ ਅਲੋਚਨਾ ਵੀ ਕਰਦੇ ਹਨ, ਪਰ ਉਹ ਕਦੇ ਵੀ ਬਸਤੀਵਾਦੀ ਰਾਜ ਵਿਰੁੱਧ ਸੰਘਰਸ਼ ਦੇ ਰਾਹ ਨਹੀਂ ਪਏ। ਫੂਲੇ ਬ੍ਰਿਟਿਸ਼ ਰਾਜ ਦੀ ਅਲੋਚਨਾ ਕਰਦੇ ਹੋਏ ਅੰਗਰੇਜ਼ਾਂ ਦੀਆਂ ਸ਼ੁੱਭ ਇੱਛਾਵਾਂ ਨੂੰ ਅਪੀਲ ਕਰਨ ਤੱਕ ਸੀਮਤ ਰਹਿੰਦੇ ਹਨ। (ਦੇਖੋ, Gail Omvedt, ਉਪਰੋਕਤ ਪੰਨਾ-98)। ਫੂਲੇ ਸਾਰੀ ਜ਼ਿੰਦਗੀ ਬ੍ਰਿਟਿਸ਼ ਬਸਤੀਵਾਦ ਦੇ ਵਿਰੋਧ ਵਿੱਚ ਨਹੀਂ ਗਏ। ਅੰਬੇਡਕਰ ਦੇ ਸਮਕਾਲੀ ਪੇਰੀਆਰ ਨੇ ਤਾਂ ਕੌਮੀ ਲਹਿਰ ਦੇ ਵਿਰੁੱਧ ਬ੍ਰਿਟਿਸ਼ ਸਾਮਰਾਜਵਾਦ ਦਾ ਸਾਥ ਦਿੱਤਾ। ਉਹ ਨਾਸਤਕ ਸਨ, ਉਹ ਜਾਤ-ਪਾਤ ਵਿਰੋਧੀ, ਬ੍ਰਾਹਮਣਵਾਦ ਵਿਰੋਧੀ, ਹੋਣ ਦੇ ਨਾਲ਼ ਨਾਲ਼ ਉੱਤਰ ਵਿਰੋਧੀ ਅਤੇ ਹਿੰਦੀ ਵਿਰੋਧੀ ਵੀ ਸਨ। ਉਹ ਵੀ ਅੰਬੇਡਕਰ, ਫੂਲੇ ਦੀ ਤਰ੍ਹਾਂ ਆਪਣੇ ਸਮੇਂ ਦੀਆਂ ਵਿਰੋਧਤਾਈਆਂ ਨੂੰ ਸਮਝਣ ਵਿੱਚ ਨਾਕਾਮ ਰਹੇ। ਉਹ ਅੰਗਰੇਜ਼ਾਂ ਤੋਂ ਭਾਰਤ ਦੀ ਆਜ਼ਾਦੀ ਦੇ ਸਖ਼ਤ ਵਿਰੋਧੀ ਸਨ। ਉਹ ਕਹਿੰਦੇ ਹਨ:

> "ਸਾਡੀ ਵਰਤਮਾਨ ਸਥਿਤੀ ਵਿੱਚ ਕਈਆਂ ਨੂੰ ਡਰ ਹੈ ਕਿ ਜੇਕਰ ਸਵਰਾਜ ਦੇ ਦਿੱਤਾ ਗਿਆ, ਤਾਂ ਇਹ ਸਿਰਫ਼ ਬ੍ਰਾਹਮਣ ਰਾਜ ਦੇ ਰੂਪ 'ਚ ਹੀ ਸਾਹਮਣੇ ਆਵੇਗਾ। ਇਹ ਸੰਭਵ ਹੈ ਕਿ ਕੁਝ ਕੁਝ ਹੋਰਾਂ ਨੂੰ ਖਾਸ ਗਲੀਆਂ ਵਿੱਚੋਂ ਲੰਘਣੋਂ ਅਤੇ ਪਿੰਡ ਦੇ ਖੂਹ ਅਤੇ ਛੱਪੜਾਂ ਤੋਂ ਪਾਣੀ ਹਾਸਲ ਕਰਨ ਤੋਂ ਰੋਕਣਗੇ- ਜੇ ਉਹ (ਸਿਆਸੀ) ਸੱਤਾ ਵਿੱਚ ਆਉਂਦੇ ਹਨ ਤਾਂ ਉਹ ਕਿਹੜਾ ਕਾਰਾ ਹੈ ਜੋ ਉਹ ਨਹੀਂ ਕਰਨਗੇ ?" (Periyar, Quoted in the toward Non Brahmin

Millenium - Geeta and Vadidurai)

ਅੰਬੇਡਕਰ ਕਿਤੇ ਤਾਂ ਬ੍ਰਿਟਿਸ਼ ਬਸਤੀਵਾਦ ਦਾ ਮਹਿਮਾਗਾਨ ਕਰਦੇ ਹਨ ਅਤੇ ਕਿਤੇ ਇਸਦੀ ਅਲੋਚਨਾ ਕਰਦੇ ਹਨ। ਉਹ ਬ੍ਰਿਟਿਸ਼ ਬਸਤੀਵਾਦ ਦੀ ਮਹਿਮਾ ਗਾਉਂਦੇ ਹੋਏ ਲਿਖਦੇ ਹਨਃ

"ਦਲਿਤ ਵਰਗ ਅਤੇ ਬ੍ਰਿਟਿਸ਼ ਇਕ ਅਸਧਾਰਨ ਬੰਧਨ 'ਚ ਬੰਨ੍ਹੇ ਹੋਏ ਹਨ। ਦਲਿਤ ਵਰਗਾਂ ਨੇ ਅੰਗਰੇਜਾਂ ਦਾ ਰੂੜੀਵਾਦੀ ਹਿੰਦੂਆਂ ਦੇ ਸਦੀਆਂ ਪੁਰਾਣੇ ਜੁਲਮਾਂ ਅਤੇ ਅੱਤਿਆਚਾਰਾਂ ਤੋਂ ਮੁਕਤੀ ਦੁਆਉਣ ਵਾਲੇ ਲੋਕਾਂ ਦੇ ਰੂਪ ਵਿੱਚ ਸਵਾਗਤ ਕੀਤਾ ਸੀ। ਉਹਨਾਂ ਨੇ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਵਿਰੁੱਧ ਜੰਗਾਂ ਲੜਕੇ ਅੰਗਰੇਜਾਂ ਨੂੰ ਭਾਰਤ ਦਾ ਇਹ ਵਿਸ਼ਾਲ ਸਾਮਰਾਜ ਜਿੱਤ ਕੇ ਦਿੱਤਾ ਸੀ, ਜਿਸ ਲਈ ਉਹਨਾਂ ਨੇ ਦਲਿਤ ਵਰਗਾਂ ਦੇ ਸਰਪ੍ਰਸਤ ਦੀ ਭੂਮਿਕਾ ਗ੍ਰਹਿਣ ਕੀਤੀ ਸੀ।(ਅੰਬੇਡਕਰ ਸੰਪੂਰਨ ਰਚਨਾਵਾਂ ਖੰਡ-5, ਪ੍ਰਕਾਸ਼ਨ ਸੰਸਥਾਨ ਭਾਰਤ ਸਰਕਾਰ ਨਵੀਂ ਦਿੱਲੀ, ਪੰਨਾ-16, ਹਿੰਦੀ ਤੋਂ ਅਨੁਵਾਦ ਸਾਡਾ)।

ਹੁਣ ਇਸ ਦੇ ਠੀਕ ਉਲਟ ਅੰਬੇਡਕਰ ਦਾ ਬਿਆਨ ਦੇਖੋਃ

"ਉੱਨ੍ਹੀਵੀਂ ਸਦੀ ਦੇ ਪਹਿਲੇ 25 ਸਾਲਾਂ ਵਿੱਚ ਜਦੋਂ ਬ੍ਰਿਟਿਸ਼ ਸ਼ਾਸਨ ਇਕ ਹਕੀਕਤ ਬਣ ਗਿਆ, ਇੱਥੇ ਪੰਜ ਅਕਾਲ ਪਏ ਜਿਹਨਾਂ ਨੇ 10 ਲੱਖ ਦੇ ਕਰੀਬ ਲੋਕਾਂ ਦੀ ਜਾਨ ਲਈ। ਦੂਜੇ ਪੱਚੀ ਸਾਲਾਂ ਵਿੱਚ ਦੋ ਅਕਾਲ ਪਏ, ਲਗਭਗ ਚਾਰ ਲੱਖ ਲੋਕ ਮਾਰੇ ਗਏ। ਤੀਜੇ ਪੱਚੀ ਸਾਲਾਂ ਵਿੱਚ ਛੇ ਅਕਾਲ ਪਏ, ਅਤੇ ਮਰਨ ਵਾਲਿਆਂ ਦੀ ਗਿਣਤੀ 50 ਲੱਖ ਹੋ ਗਈ। ਅਤੇ ਸਦੀ ਦੇ ਅੰਤਮ 25 ਸਾਲ ਵਿੱਚ ਅਸੀਂ ਕੀ ਦੇਖਦੇ ਹਾਂ ? ਅਠਾਰਾਂ ਅਕਾਲ ! ਅਤੇ ਇਹਨਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ ਅੰਦਾਜਨ ਡੇਢ ਤੋਂ ਦੋ ਕਰੋੜ ਹੈ !.... ਭੱਦਰ ਪੁਰਸ਼ੋ ਇਸ ਦਾ ਕਾਰਨ ਕੀ ਹੈ ? ਸਾਫ਼ ਸਾਫ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਇਹ ਬ੍ਰਿਟਿਸ਼ ਸਰਕਾਰ ਦੁਆਰਾ ਅਪਣਾਈ ਨੀਤੀ ਹੈ। ਜਿਸ ਦਾ ਉਦੇਸ਼ ਹਮੇਸ਼ਾ ਦੇਸ਼ ਵਿੱਚ ਵਪਾਰ ਅਤੇ ਸਨਅਤ ਦੇ ਵਿਕਾਸ ਨੂੰ ਰੋਕਣਾ ਰਿਹਾ ਹੈ।.... ਇਸ ਨੀਤੀ ਦੇ ਕਾਰਨ ਭਾਰਤ ਨੂੰ ਇਕ ਗਰੀਬ ਦੇਸ਼ ਵਿੱਚ ਬਦਲ ਦਿੱਤਾ ਗਿਆ ਹੈ। ਗਰੀਬੀ ਦੀ ਸਥਾਪਨਾ ਦੀ ਇਸ ਪ੍ਰਕਿਰਿਆ ਦੇ ਮੁੱਖ ਸ਼ਿਕਾਰ ਕੌਣ ਹਨ ? ਉਹ ਦਲਿਤ ਕਿਸਾਨ ਜੋ ਅਜੇ ਵੀ ਛੇ-ਛੇ ਮਹੀਨੇ ਆਪਣਾ ਢਿੱਡ ਨਹੀਂ ਭਰ ਸਕਦੇ, ਉਹ ਸ਼ਿਕਾਰਾਂ ਦੀ ਬਹੁ ਗਿਣਤੀ ਹਨ.....

ਆਓ ਇਸ ਉੱਪਰ ਤੁਹਾਡੇ ਸੀਮਤ ਪਰਿਪੇਖ ਤੋਂ ਸੋਚੀਏ। ਬ੍ਰਿਟਿਸ਼ਾਂ ਦੇ ਆਉਣ ਤੋਂ ਪਹਿਲਾਂ ਛੂਆ-ਛੂਤ ਕਾਰਨ ਤੁਹਾਡੀ ਹਾਲਤ ਅਤਿਅੰਤ ਭਿਆਨਕ ਸੀ। ਕੀ ਬ੍ਰਿਟਿਸ਼ ਸਰਕਾਰ ਨੇ ਇਸ ਛੂਆ-ਛੂਤ ਨੂੰ ਖਤਮ ਕਰਨ ਲਈ ਕੁਝ ਵੀ ਕੀਤਾ ਹੈ ? ਬ੍ਰਿਟਿਸ਼ਾਂ ਦੇ ਆਉਣ ਤੋਂ ਪਹਿਲਾਂ ਤੁਸੀਂ ਪਿੰਡ ਦੇ ਖੂਹਾਂ ਤੋਂ ਪਾਣੀ ਨਹੀਂ ਲੈ ਸਕਦੇ ਸੀ। ਕੀ ਬ੍ਰਿਟਿਸ਼ ਸਰਕਾਰ ਨੇ ਤੁਹਾਨੂੰ ਇਹ ਹੱਕ ਦੇਣ ਲਈ ਕੋਈ

ਕੋਸ਼ਿਸ਼ ਕੀਤੀ ਹੈ ? ਬ੍ਰਿਟਿਸ਼ਾਂ ਦੇ ਆਉਣ ਤੋਂ ਪਹਿਲਾਂ ਤੁਸੀਂ ਮੰਦਰਾਂ ਵਿੱਚ ਦਾਖਲ ਨਹੀਂ ਹੋ ਸਕਦੇ ਸੀ। ਕੀ ਤੁਸੀਂ ਅੱਜ ਅਜਿਹਾ ਕਰ ਸਕਦੇ ਹੋ ? ਬ੍ਰਿਟਿਸ਼ਾਂ ਦੇ ਆਉਣ ਤੋਂ ਪਹਿਲਾ ਤੁਹਾਨੂੰ ਪੁਲਿਸ ਦੀ ਨੌਕਰੀ ਨਹੀਂ ਦਿੱਤੀ ਜਾਂਦੀ ਸੀ। ਕੀ ਬ੍ਰਿਟਿਸ਼ ਸਰਕਾਰ ਹੁਣ ਤੁਹਾਨੂੰ ਨੌਕਰੀ ਦੇ ਰਹੀ ਹੈ ? ਬ੍ਰਿਟਿਸ਼ਾਂ ਦੇ ਆਉਣ ਤੋਂ ਪਹਿਲਾਂ ਤੁਹਾਨੂੰ ਫੌਜ ਵਿੱਚ ਭਰਤੀ ਹੋਣ ਦੀ ਆਗਿਆ ਨਹੀਂ ਸੀ। ਕੀ ਹੁਣ ਤੁਹਾਡੇ ਲਈ ਇਹ ਮੌਕਾ ਹੈ ? ਭੱਦਰ ਪੁਰਸ਼ੋ, ਤੁਸੀਂ ਇਕ ਵੀ ਸਾਵਲ ਦਾ ਹਾਂ ਵਿੱਚ ਜਵਾਬ ਨਹੀਂ ਦੇ ਸਕਦੇ। ਜਿਹਨਾਂ ਨੇ ਇਸ ਦੇਸ਼ 'ਤੇ ਇੰਨਾ ਲੰਬਾ ਸਮਾਂ ਰਾਜ ਕੀਤਾ ਹੈ, ਕੁਝ ਚੰਗੀਆਂ ਚੀਜ਼ਾਂ ਕੀਤੀਆਂ ਹੋ ਸਕਦੀਆਂ ਹਨ। ਪਰ ਇਹ ਗੱਲ ਪੱਕੀ ਹੈ ਕਿ ਤੁਹਾਡੀ ਹਾਲਤ ਵਿੱਚ ਕੋਈ ਵੀ ਬੁਨਿਆਦੀ ਤਬਦੀਲੀ ਨਹੀਂ ਆਈ..." (ਗੇਲ ਓਮਵੇਦ ਦੀ ਉਪਰੋਕਤ ਕਿਤਾਬ ਵਿੱਚ ਅੰਬੇਡਕਰ ਦਾ ਹਵਾਲਾ, ਪੰਨਾ-80-81, ਅੰਗਰੇਜ਼ੀ ਤੋਂ ਅਨੁਵਾਦ ਸਾਡਾ)

ਅੰਬੇਡਕਰ ਦੇ ਹੀ ਸ਼ਬਦਾਂ ਵਿੱਚ ਅੰਗਰੇਜ਼ੀ ਰਾਜ ਦੀ ਇਕ ਸਦੀ (19ਵੀਂ) ਵਿੱਚ ਭਾਰਤ ਵਿੱਚ ਅੰਗਰੇਜ਼ੀ ਰਾਜ ਦੀਆਂ ਨੀਤੀਆਂ ਦੀ ਬਦੌਲਤ ਪਏ ਅਕਾਲਾਂ ਕਾਰਨ 2 ਕਰੋੜ ਤੋਂ ਵਧੇਰੇ ਹਿੰਦੋਸਤਾਨੀ (ਗਰੀਬ) ਮਾਰੇ ਗਏ। ਜਿਨ੍ਹਾਂ ਵਿੱਚ ਬਹੁਗਿਣਤੀ ਦਲਿਤਾਂ ਦੀ ਸੀ। ਅੰਬੇਡਕਰ ਦਾ ਹੀ ਕਹਿਣਾ ਹੈ ਕਿ ਅੰਗਰੇਜ਼ਾਂ ਦੇ ਆਉਣ ਨਾਲ਼ ਭਾਰਤ ਵਿੱਚ ਅਛੂਤਾਂ ਦੀ ਹਾਲਤ ਵਿੱਚ ਕੋਈ ਬੁਨਿਆਦੀ ਤਬਦੀਲੀ ਨਹੀਂ ਆਈ। ਇਸ ਸਭ ਦੇ ਬਾਵਜੂਦ ਵੀ ਅੰਬੇਡਕਰ ਬ੍ਰਿਟਿਸ਼ ਬਸਤੀਵਾਦ ਵਿਰੁੱਧ ਸੰਘਰਸ਼ ਵਿੱਚ ਸ਼ਾਮਲ ਨਹੀਂ ਹੋਏ।

ਦਰਅਸਲ ਭਾਰਤ ਦੇ ਲੋਕਾਂ ਦੀਆਂ ਜਾਤ ਅਧਾਰਿਤ ਵੰਡੀਆਂ (ਇਸੇ ਤਰ੍ਹਾਂ ਧਾਰਮਿਕ, ਇਲਾਕਾਈ, ਕੌਮੀ ਵੰਡਾਂ) ਨੂੰ ਖਤਮ ਕਰਨਾ ਬ੍ਰਿਟਿਸ਼ ਬਸਤੀਵਾਦ ਦੇ ਹੱਕ ਵਿੱਚ ਨਹੀਂ ਸੀ। ਭਾਰਤ ਦੇ ਲੋਕਾਂ ਦੀਆਂ ਇਹ ਵੰਡੀਆਂ ਲੋਕਾਂ ਵਿੱਚ ਫੁੱਟ ਪਾਕੇ ਰਾਜ ਕਰਨ ਵਿੱਚ ਬ੍ਰਿਟਿਸ਼ ਬਸਤੀਵਾਦ ਲਈ ਸਹਾਇਕ ਸਨ। ਇਸ ਲਈ ਲਾਰਡ ਕਾਰਨਵਾਲਿਸ ਨੇ ਭਾਰਤ ਵਿੱਚ ਜੋ ਨਵਾਂ ਜ਼ਮੀਨੀ ਬੰਦੋਬਸਤ (ਰਇਤਵਾੜੀ, ਮਾਹਲਵਾੜੀ, ਜਿਮੀਂਦਾਰੀ) ਲਾਗੂ ਕੀਤਾ ਉਸ ਵਿੱਚ ਦਲਿਤਾਂ ਦੀ ਸਥਿਤੀ ਉਹੀ ਬਣੀ ਰਹੀ ਜੋ ਪੇਂਡੂ ਭਾਈਚਾਰਿਆਂ ਦੀ ਵਿਵਸਥਾ ਵਿੱਚ ਸੀ। ਉਹਨਾਂ ਨੇ ਦਲਿਤਾਂ ਨੂੰ ਫੌਜ 'ਚ ਵੀ ਭਰਤੀ ਨਹੀਂ ਕੀਤਾ। ਬੱਸ ਇਕ ਮਹਾਰ ਰੈਜੀਮੈਂਟ ਵੱਖਰੀ ਬਣਾਈ। ਕਿਤੇ ਵੀ ਉਹਨਾਂ ਦਲਿਤਾਂ ਅਤੇ ਹੋਰਾਂ ਜਾਤੀਆਂ ਦੇ ਭਾਰਤੀ ਫੌਜੀਆਂ ਦੀਆਂ ਸਾਂਝੀਆਂ ਰੈਜੀਮੈਂਟਾਂ ਨਹੀਂ ਬਣਾਈਆਂ।

ਦਰਅਸਲ ਬ੍ਰਿਟਿਸ਼ ਸਾਮਰਾਜਵਾਦ ਨੇ ਭਾਰਤ ਵਿੱਚ ਹਕੂਮਤ ਕਰਨ ਲਈ ਇੱਥੋਂ ਦੀ ਜਗੀਰਦਾਰੀ ਨਾਲ਼ ਗੱਠਜੋੜ ਬਣਾਇਆ। ਉਸਨੇ ਇਥੇ ਜਗੀਰੂ ਉਤਪਾਦਨ ਸਬੰਧਾਂ ਨੂੰ ਬਰਕਰਾਰ ਰੱਖਿਆ। ਇਸ ਵਿਵਸਥਾ ਵਿਚ ਬਹੁਗਿਣਤੀ ਦਲਿਤ ਖੇਤ ਮਜ਼ਦੂਰ ਜਾਂ ਗਰੀਬ ਕਿਸਾਨ ਸਨ। ਕੁਝ ਸ਼ਹਿਰਾਂ ਵਿੱਚ ਸਭ ਤੋਂ ਨੀਵੀਂ ਸ਼੍ਰੇਣੀ ਦੇ ਉਜਰਤੀ ਗੁਲਾਮ ਸਨ, ਜਾਂ ਆਪਣੇ ਜਾਤ ਅਧਾਰਿਤ ਪੇਸ਼ਿਆਂ ਵਿੱਚ ਲੱਗੇ ਸਨ। ਇਸ ਲਈ ਬਸਤੀਵਾਦੀ ਭਾਰਤ ਵਿੱਚ ਉਸ ਸਮੇਂ ਦੇ ਭਾਰੂ ਉਤਪਾਦਨ ਸਬੰਧਾਂ (ਜਗੀਰੂ) ਜਿਹਨਾਂ ਨੂੰ ਬ੍ਰਿਟਿਸ਼ ਸਾਮਰਾਜਵਾਦ ਕਾਇਮ

ਰੱਖ ਰਿਹਾ ਸੀ ਨੂੰ ਤੋੜੇ ਬਿਨਾਂ ਦਲਿਤ ਮੁਕਤੀ ਦੀ ਗੱਲ ਕਰਨਾ ਹਵਾਈ ਕਿਲੇ ਉਸਾਰਨਾ ਹੁੰਦਾ। ਅਤੇ ਇਹੋ ਕੁਝ ਅੰਬੇਡਕਰ, ਫੂਲੇ ਅਤੇ ਪੇਰੀਆਰ ਨੇ ਕੀਤਾ। ਉਹ ਜਾਤੀ ਵਿਵਸਥਾ ਦੀ ਜੜ੍ਹ ਤੱਕ ਪਹੁੰਚਣ 'ਚ ਨਾਕਾਮ ਰਹੇ। ਉਹ ਆਪਣੇ ਵਿਚਾਰਵਾਦੀ ਸੰਸਾਰ ਦ੍ਰਿਸ਼ਟੀਕੋਣ ਦੇ ਕਾਰਨ ਜਾਤੀ ਵਿਵਸਥਾ ਦਾ ਮੂਲ ਬ੍ਰਾਹਮਣਵਾਦੀ ਵਿਚਾਰਧਾਰਾ 'ਚ ਹੀ ਤਲਾਸ਼ਦੇ ਰਹੇ। ਉਹ ਆਪਣੇ ਸਮੇਂ ਦੀਆਂ ਵਿਰੋਧਤਾਈਆਂ ਅਤੇ ਉਹਨਾਂ ਵਿੱਚੋਂ ਪ੍ਰਧਾਨ ਵਿਰੋਧਤਾਈ ਨੂੰ ਛਾਂਟਣ ਵਿੱਚ ਨਾਕਾਮ ਰਹੇ। ਇਹੋ ਦ੍ਰਿਸ਼ਟੀਕੋਣ ਉਹਨਾਂ ਨੂੰ ਬ੍ਰਿਟਿਸ਼ ਸਾਮਰਾਜਵਾਦ ਨਾਲ਼ ਮੇਲ ਮਿਲਾਪ ਵੱਲ ਲੈ ਗਿਆ। ਆਪਣੀਆਂ ਸਮਕਾਲੀ ਲਹਿਰਾਂ ਕਾਂਗਰਸ ਦੀ ਅਗਵਾਈ ਵਾਲੀ ਕੌਮੀ ਲਹਿਰ ਅਤੇ ਕਮਿਊਨਿਸਟ ਲਹਿਰ ਦਾ ਅੰਬੇਡਕਰ ਨੇ ਜਾਤੀਵਾਦੀ ਵਿਸ਼ਲੇਸ਼ਣ ਪੇਸ਼ ਕੀਤਾ। ਕਾਂਗਰਸ ਦੀ ਅਗਵਾਈ ਵਾਲੀ ਲਹਿਰ ਨੂੰ ਉਹਨਾਂ ਸਵਰਨਾਂ ਦੀ ਲਹਿਰ ਦੱਸ ਕੇ ਖੁਦ ਨੂੰ ਇਸ ਤੋਂ ਵੱਖ ਕਰ ਲਿਆ। ਇਸ ਤਰ੍ਹਾਂ ਕੌਮੀ ਮੁਕਤੀ ਦੀ ਲੜਾਈ ਦਾ ਮੈਦਾਨ ਪੂਰੀ ਤਰ੍ਹਾਂ "ਸਵਰਨਾਂ" ਲਈ ਖਾਲੀ ਛੱਡਕੇ, ਖੁਦ ਨੂੰ ਦਲਿਤਾਂ ਦੇ ਖੂਹਾਂ ਤੋਂ ਪਾਣੀ ਭਰਨ, ਮੰਦਰ ਪ੍ਰਵੇਸ਼ ਜਿਹੇ "ਅੰਦੋਲਨਾਂ" ਤੱਕ ਸੀਮਤ ਕਰ ਲਿਆ। ਬ੍ਰਿਟਿਸ਼ ਬਸਤੀਵਾਦ ਵਿਰੁੱਧ ਲੜਾਈ ਵਿੱਚ ਸ਼ਾਮਿਲ ਨਾ ਹੋਣ ਨੂੰ ਅੰਬੇਡਕਰ ਨੇ ਇਹ ਕਹਿ ਕੇ ਕਿ 'ਅਸੀਂ ਸਾਰੇ ਦੁਸ਼ਮਣਾਂ ਨਾਲ਼ ਇਕੋ ਵੇਲੇ ਨਹੀਂ ਲੜ ਸਕਦੇ' (ਗੇਲ ਓਮਵੇਟ ਉਪਰੋਕਤ ਪੰਨਾ-15), ਜਾਇਜ ਠਹਿਰਾਉਣ ਦੀ ਕੋਸ਼ਿਸ਼ ਕੀਤੀ। ਅੰਬੇਡਕਰ ਬਸਤੀਵਾਦੀ ਭਾਰਤ ਵਿੱਚ ਦਲਿਤਾਂ ਦੇ ਲੁੱਟ-ਦਾਬੇ, ਅਪਮਾਨ ਦੀ ਜੜ੍ਹ ਨੂੰ ਹੱਥ ਪਾਉਣ ਦੀ ਬਜਾਏ, ਬ੍ਰਾਹਮਣਵਾਦ ਵਿਰੋਧੀ ਛੋਟੇ ਮੋਟੇ ਸੁਧਾਰਾਂ ਤੱਕ ਸੀਮਤ ਰਹੇ। ਅਜਿਹੇ ਸੁਧਾਰਾਂ ਖਾਤਰ ਲੜਨ ਲਈ ਵੀ ਉਹ ਕਾਨੂੰਨ ਦੀ ਉਲੰਘਣਾ ਕਰਨ ਨੂੰ ਤਿਆਰ ਨਹੀਂ ਸਨ।

ਕਮਿਊਨਿਸਟ ਪਾਰਟੀ ਨੂੰ ਉਹਨਾਂ 'ਬ੍ਰਾਹਮਣ ਮੁੰਡਿਆਂ ਦਾ ਝੁੰਡ' ਕਹਿ ਕੇ ਭੰਡਿਆ। ਕਮਿਊਨਿਸਟ ਪਾਰਟੀ ਸਾਮਰਾਜਵਾਦ ਵਿਰੋਧੀ- ਜਗੀਰਦਾਰੀ ਵਿਰੋਧੀ ਲੜਾਈ ਦੇ ਅੰਗ ਵਜੋਂ ਜਾਤ ਪਾਤ ਨੂੰ ਖਤਮ ਕਰਨਾ ਚਾਹੁੰਦੀ ਸੀ। ਇਸ ਹੱਦ ਤੱਕ ਇਹ ਸਹੀ ਵੀ ਸੀ। ਪਰ ਆਪਣੀਆਂ ਵਿਚਾਰਧਾਰਕ ਕਮਜ਼ੋਰੀਆਂ ਕਾਰਨ (ਜਾਤੀ ਦੇ ਪ੍ਰਸੰਗ ਵਿੱਚ ਅਸੀਂ ਪਹਿਲਾਂ ਹੀ ਇਸ ਦੀ ਚਰਚਾ ਕਰ ਆਏ ਹਾਂ) ਪਾਰਟੀ ਕੌਮੀ ਮੁਕਤੀ ਲਹਿਰ ਦੀ ਅਗਵਾਈ ਕਾਂਗਰਸ ਹੱਥੋਂ ਖੋਹਣ ਵਿੱਚ ਨਾਕਾਮ ਰਹੀ।

ਕਮਿਊਨਿਸਟਾਂ ਨੂੰ ਅੰਬੇਡਕਰ ਨੇ 'ਬ੍ਰਾਹਮਣ ਮੁੰਡਿਆਂ ਦੇ ਝੁੰਡ' ਵਜੋਂ ਹੀ ਨਹੀਂ ਸਗੋਂ ਉਹਨਾਂ ਦੁਆਰਾ ਅਪਣਾਏ ਜਾਂਦੇ ਹਿੰਸਕ ਤੌਰ ਤਰੀਕਿਆਂ ਲਈ ਵੀ ਭੰਡਿਆ। (ਦੇਖੋ ਬਹਿਸ਼ਕ੍ਰਿਤ ਭਾਰਤ 31 ਮਈ 1929) ਹਿੰਸਾ ਦੇ ਮਾਮਲੇ 'ਤੇ ਵੀ ਅੰਬੇਡਕਰ ਦਾ ਸਟੈਂਡ ਬਹੁਤ ਆਪਾ ਵਿਰੋਧੀ ਹੈ। ਕਿਤੇ ਲੁਟੀਂਦਿਆਂ ਦੁਆਰਾ ਆਪਣੀ ਮੁਕਤੀ ਲਈ ਅਪਣਾਏ ਜਾਂਦੇ ਹਿੰਸਕ ਤੌਰ ਤਰੀਕਿਆਂ ਦੇ ਖਿਲਾਫ਼ ਹਨ (ਉਪਰੋਕਤ) ਅਤੇ ਕਿਤੇ ਉਹ ਇਸ ਦੇ ਹੱਕ ਵਿੱਚ ਹਨ (ਅੰਬੇਡਕਰ ਦੀਆਂ ਰਚਨਾਵਾਂ ਵਿੱਚ ਇਸ ਨਾਲ਼ ਸਬੰਧਤ ਹਵਾਲੇ ਦੇਖਣ ਲਈ ਦੇਖੋ ਖੰਡ 5, ਪੰਨਾ 175 ਅਤੇ ਖੰਡ 9 ਪੰਨਾ 135-36)। ਭਾਵੇਂ ਹਿੰਸਾ ਦੇ ਮਾਮਲੇ 'ਤੇ ਅੰਬੇਡਕਰ ਦਾ ਸਟੈਂਡ ਬਹੁਤ ਆਪਾ ਵਿਰੋਧੀ ਸੀ ਪਰ ਅਮਲ ਵਿੱਚ ਅੰਬੇਡਕਰ ਨੇ ਹਮੇਸ਼ਾ

ਅਹਿੰਸਾ ਦਾ ਪਾਲਣ ਕੀਤਾ ਹੈ। ਉਹਨਾਂ ਦੀ ਅਗਵਾਈ ਵਿੱਚ ਦਲਿਤਾਂ ਦੇ ਸੁਧਾਰ ਲਈ ਚੱਲੇ "ਅੰਦੋਲਨਾਂ" 'ਚੋਂ ਕੋਈ ਵੀ "ਅੰਦੋਲਨ" ਸਥਾਪਤੀ ਨਾਲ਼ ਟੱਕਰ ਲੈਣ ਦੇ ਰਾਹ ਨਹੀਂ ਪਿਆ।

ਹਿੰਸਾ ਕਦੇ ਵੀ ਕਮਿਊਨਿਸਟਾਂ ਦੀ ਪਹਿਲੀ ਪਸੰਦ ਨਹੀਂ ਰਹੀ। ਇਹ ਉਹਨਾਂ ਲਈ ਆਖਰੀ ਉਪਾਅ ਹੈ। ਕਮਿਊਨਿਸਟ ਲੁਟੇਰੀਆਂ ਹਾਕਮ ਜਮਾਤਾਂ ਵੱਲੋਂ ਫੈਲਾਈ ਉਲਟ ਇਨਕਲਾਬੀ ਹਿੰਸਾ ਵਿਰੁੱਧ ਇਨਕਲਾਬੀ ਹਿੰਸਾ ਦੀ ਵਕਾਲਤ ਕਰਦੇ ਹਨ। ਕਿਉਂਕਿ ਇਸ ਤੋਂ ਬਿਨਾਂ ਦੱਬੇ-ਕੁਚਲਿਆਂ, ਲੁਟੀਂਦਿਆਂ ਦਾ ਕੋਈ ਵੀ ਸੰਘਰਸ਼ ਕਾਮਯਾਬ ਨਹੀਂ ਹੋ ਸਕਦਾ। ਹਿੰਸਾ ਪ੍ਰਤੀ ਨਕਾਰਾਤਮਕ ਰੁਖ ਜਾਂ ਕਾਨੂੰਨੀ ਦਾਇਰੇ 'ਚ ਸੀਮਤ ਰਹਿਣ ਕਾਰਨ ਹੀ ਅੰਬੇਡਕਰ ਦੀ ਅਗਵਾਈ ਵਾਲਾ ਕੋਈ ਵੀ ਸਮਾਜ ਸੁਧਾਰ "ਅੰਦੋਲਨ" ਉਹ ਪੱਧਰ ਨਹੀਂ ਪ੍ਰਾਪਤ ਕਰ ਸਕਿਆ ਜੋ ਤੇਲੰਗਾਨਾ ਦੇ ਕਿਸਾਨ ਸੰਗਰਾਮ ਨੇ ਹਾਸਿਲ ਕੀਤਾ ਸੀ ਜਿਸ ਨੇ ਜਗੀਰੂ ਉਤਪਾਦਨ ਸਬੰਧਾਂ 'ਤੇ ਘਾਤਕ ਚੋਟ ਮਾਰਨ ਦੇ ਨਾਲ਼ ਨਾਲ਼ ਦਲਿਤਾਂ ਅਤੇ ਔਰਤਾਂ 'ਤੇ ਜ਼ਬਰ ਨੂੰ ਵੀ ਵੱਡੀ ਪੱਧਰ 'ਤੇ ਠੱਲ੍ਹ ਪਾਈ।

ਅੰਬੇਡਕਰ ਕੌਮੀ ਮੁਕਤੀ ਲਹਿਰ ਵਿੱਚ ਇਕ ਫੁੱਟ ਪਾਊ ਸ਼ਕਤੀ ਦੇ ਰੂਪ ਵਿੱਚ ਕੰਮ ਕਰਦੇ ਰਹੇ। ਉਹਨਾਂ ਨੇ ਆਪਣੇ ਪ੍ਰਭਾਵ ਵਾਲੇ ਦਲਿਤਾਂ ਨੂੰ ਕੌਮੀ ਮੁਕਤੀ ਦੀ ਲੜਾਈ ਤੋਂ ਦੂਰ ਰੱਖਿਆ। ਉਹਨਾਂ ਨੇ ਕਮਿਊਨਿਸਟਾਂ ਨੂੰ 'ਬ੍ਰਾਹਮਣ ਮੁੰਡਿਆਂ' ਦਾ ਨਾਂ ਦੇ ਕੇ ਦਲਿਤਾਂ ਨੂੰ ਉਹਨਾਂ ਦੀ ਮੁਕਤੀ ਦੀ ਅਸਲ ਵਿਚਾਰਧਾਰਾ ਅਤੇ ਰਾਹ ਤੋਂ ਦੂਰ ਕੀਤਾ।

ਅੰਬੇਡਕਰ ਨੇ ਮਜ਼ਦੂਰਾਂ ਦੇ ਸੰਘਰਸ਼ਾਂ 'ਚ ਵੀ ਫੁੱਟ ਪਾਊ ਭੂਮਿਕਾ ਹੀ ਨਿਭਾਈ। 1929 ਵਿੱਚ ਕਮਿਊਨਿਸਟਾਂ ਦੀ ਅਗਵਾਈ ਵਾਲੀ ਗਿਰਨੀ ਕਾਮਗਾਰ ਯੂਨੀਅਨ ਦੇ ਸੱਦੇ 'ਤੇ ਬੰਬਈ ਦੇ ਟੈਕਸਟਾਈਲ ਮਜ਼ਦੂਰਾਂ ਦੀ ਹੜਤਾਲ ਅਸਫਲ ਹੋਈ। ਇਸ ਦੀ ਮੁੱਖ ਵਜਾ ਇਹ ਸੀ ਕਿ ਅੰਬੇਡਕਰ ਨੇ ਹੜਤਾਲੀ ਦਲਿਤ ਮਜ਼ਦੂਰਾਂ ਨੂੰ ਕੰਮ 'ਤੇ ਜਾਣ ਦਾ ਸੱਦਾ ਦਿੱਤਾ ਸੀ, ਸਿਰਫ਼ ਇਸ ਬਿਨਾ 'ਤੇ ਕਿ ਹੜਤਾਲੀ ਦਲਿਤ ਮਜ਼ਦੂਰਾਂ ਨੂੰ ਸੂਦਖੋਰਾਂ ਹੱਥੋਂ ਵਧੇਰੇ ਪ੍ਰੇਸ਼ਾਨ ਹੋਣਾ ਪੈ ਰਿਹਾ ਸੀ। ਅੰਬੇਡਕਰ ਦਾ ਸਮੁੱਚਾ ਸਿਆਸੀ ਵਿਵਹਾਰ ਕਾਨੂੰਨਵਾਦ, ਡਾਵਾਂਡੋਲਤਾ, ਸਮਝੌਤਾਪ੍ਰਸਤੀ ਅਤੇ ਫੁੱਟ ਪਾਊ ਸਰਗਰਮੀਆਂ ਦਾ ਸ਼ਿਕਾਰ ਰਿਹਾ ਹੈ। ਇਸ ਲਈ ਕੋਈ ਹੈਰਾਨੀ ਨਹੀਂ ਹੁੰਦੀ ਕਿ ਆਪਣੇ ਅੰਤਮ ਸਮੇਂ ਅੰਬੇਡਕਰ ਸੱਤਾ ਦੁਆਰਾ ਕੋ-ਆਪਟ ਕਰ ਲਏ ਗਏ। ਉਂਝ ਅੰਬੇਡਕਰ ਸ਼ੁਰੂ ਤੋਂ ਦਲਿਤਾਂ ਦੇ ਪ੍ਰਤੀਨਿਧ ਦੇ ਤੌਰ 'ਤੇ ਸੱਤਾ ਨਾਲ਼ ਸੰਢ ਗੰਢ ਕਰਕੇ ਚੱਲਦੇ ਰਹੇ। 1926 ਵਿੱਚ ਅੰਬੇਡਕਰ ਨੂੰ ਦਲਿਤਾਂ ਦੇ ਨੁਮਾਇੰਦੇ ਦੇ ਤੌਰ 'ਤੇ ਬੰਬਈ ਵਿਧਾਨ ਸਭਾ ਵਿੱਚ ਨਿਯੁਕਤੀ ਮਿਲੀ ਸੀ। ਇਹ ਨਿਯੁਕਤੀ 1934 ਤੱਕ ਜਾਰੀ ਰਹੀ। ਇਸੇ ਤਰ੍ਹਾਂ 1942 ਵਿੱਚ (1946 ਤੱਕ) ਉਹਨਾਂ ਨੂੰ ਕਿਰਤ ਵਿਭਾਗ ਵਿੱਚ ਗਵਰਨਰ ਜਨਰਲ ਦੇ ਪ੍ਰਸ਼ਾਸਕ ਦੇ ਤੌਰ 'ਤੇ ਨਿਯੁਕਤੀ ਮਿਲੀ।

ਬ੍ਰਿਟਿਸ਼ ਸਰਕਾਰ ਨੇ ਭਾਰਤ ਨੂੰ 'ਆਜ਼ਾਦੀ' ਦੇਣ ਦਾ ਫੈਸਲਾ ਕੀਤਾ ਤਾਂ ਮਾਰਚ 1946 ਵਿੱਚ ਇਹ ਐਲਾਨ ਕੀਤਾ ਕਿ ਭਾਰਤ ਸੰਵਿਧਾਨ ਸਭਾ ਬਣਾ ਸਕਦਾ ਹੈ ਅਤੇ ਸੰਵਿਧਾਨ ਦਾ ਖਰੜਾ ਤਿਆਰ ਕਰ ਸਕਦਾ ਹੈ।

ਜੁਲਾਈ 1946 ਵਿੱਚ 'ਸੰਵਿਧਾਨ ਸਭਾ' ਦੀ ਚੋਣ ਹੋਈ। ਸਾਰੇ ਰਾਜਾਂ ਨੂੰ ਮਿਲ਼ਾਕੇ ਕੁੱਲ 296 ਮੈਂਬਰ ਚੁਣੇ ਗਏ। ਇਹਨਾਂ ਵਿੱਚੋਂ 96 ਮੈਂਬਰ ਅਜਿਹੇ ਸਨ ਜੋ ਉਸ ਸਮੇਂ ਵਿਦਮਾਨ ਕਿਸੇ ਚੋਣ ਪ੍ਰਕਿਰਿਆ 'ਚੋਂ ਹੋ ਕੇ ਨਹੀਂ ਆਏ ਸਨ ਸਗੋਂ ਜਗੀਰੂ ਰਿਆਸਤਾਂ ਦੇ ਪ੍ਰਤੀਨਿਧੀ ਦੇ ਰੂਪ ਵਿੱਚ ਪ੍ਰਾਪਤ ਜਗੀਰੂ ਹੱਕ ਦੇ ਨਾਤੇ ਨਾਮਜ਼ਦ ਹੋ ਕੇ ਆਏ ਸਨ। ਬਾਕੀ ਮੈਂਬਰ ਵੀ ਅਜਿਹੇ ਹੀ ਸਨ, ਜਿਹਨਾਂ ਕੋਲ ਤਰ੍ਹਾਂ ਤਰ੍ਹਾਂ ਦੀਆਂ ਸੰਪੱਤੀਆਂ ਸਨ, ਉੱਚ ਜਾਤਾਂ 'ਚੋਂ ਸਨ ਅਤੇ ਉੱਚ ਸਿੱਖਿਆ ਪ੍ਰਾਪਤ ਸਨ।

ਅੰਬੇਡਕਰ ਵੀ ਅਜਿਹੇ ਹੀ ਮੈਂਬਰ ਸਨ। ਉਹ ਬੰਗਾਲ ਦੇ ਮੁਸਲਿਮ ਲੀਗ ਦੇ ਮੈਂਬਰਾਂ ਦੀ ਹਮਾਇਤ ਨਾਲ਼ ਸੰਵਿਧਾਨ ਸਭਾ ਵਿੱਚ ਦਾਖਲ ਹੋਣ ਵਿੱਚ ਸਫਲ ਹੋ ਸਕੇ ਕਿਉਂਕਿ ਉਹਨਾਂ ਦੇ ਮੂਲ ਰਾਜ ਵਿੱਚ ਉਹਨਾਂ ਨੂੰ ਕਾਂਗਰਸ ਦੀ ਹਮਾਇਤ ਨਹੀਂ ਮਿਲੀ ਸੀ।

ਅਗਸਤ 1946 ਵਿੱਚ ਭਾਰਤ ਦੇ "ਆਜ਼ਾਦ" ਹੋਣ ਤੋਂ ਬਾਅਦ ਨਹਿਰੂ ਕੈਬਨਿਟ ਵਿੱਚ ਅੰਬੇਡਕਰ ਨੂੰ ਕਾਨੂੰਨ ਮੰਤਰੀ ਬਣਾਇਆ ਗਿਆ। ਅੰਬੇਡਕਰ ਕਾਂਗਰਸ ਦੇ ਜਿਸ ਅੰਦੋਲਨ ਨੂੰ ਸਵਰਨਾਂ ਦਾ ਅੰਦੋਲਨ ਕਹਿੰਦੇ ਸਨ, ਹੁਣ ਉਸੇ ਸਵਰਨਾਂ ਦੇ ਅੰਦੋਲਨ ਵਿੱਚ ਸ਼ਾਮਿਲ ਹੋ ਗਏ। ਕਿਉਂਕਿ ਉਹਨਾਂ "ਸਵਰਨਾਂ" ਨੇ ਅੰਬੇਡਕਰ ਨੂੰ ਕਾਨੂੰਨ ਮੰਤਰੀ ਦਾ ਅਹੁਦਾ ਬਖਸ਼ਿਆ ਸੀ।

ਕਾਂਗਰਸ ਦੀ ਹੀ ਮਿਹਰ ਨਾਲ਼ ਅੰਬੇਡਕਰ ਨੂੰ ਇਕ ਦੂਸਰਾ ਅਹੁਦਾ ਪ੍ਰਾਪਤ ਹੋਇਆ। 29 ਅਗਸਤ ਨੂੰ ਸੰਵਿਧਾਨ ਸਭਾ ਦਾ ਖਰੜਾ ਤਿਆਰ ਕਰਨ ਲਈ ਇਕ 7 ਮੈਂਬਰੀ ਕਮੇਟੀ ਚੁਣੀ ਗਈ ਅਤੇ ਅੰਬੇਡਕਰ ਨੂੰ ਇਸ ਦਾ ਪ੍ਰਧਾਨ ਚੁਣਿਆ ਗਿਆ। ਉਂਝ ਸੰਵਿਧਾਨ ਦਾ ਖਰੜਾ ਤਿਆਰ ਕਰਨ ਵਿੱਚ ਇਸ ਕਮੇਟੀ ਦੀ ਕੋਈ ਭੂਮਿਕਾ ਨਹੀਂ ਸੀ ਕਿਉਂਕਿ ਪਹਿਲਾਂ ਹੀ ਨੌਕਰਸ਼ਾਹੀ ਨੇ ਤਿਆਰ ਕਰ ਲਿਆ ਸੀ। ਕਮੇਟੀ ਨੇ ਤਾਂ ਬੱਸ ਇਸਨੂੰ ਇਕ ਨਜ਼ਰ ਦੇਖਣਾ ਸੀ ਅਤੇ ਇਸ ਵਿੱਚ ਜ਼ਰੂਰੀ ਸੋਧਾਂ ਦਾ ਸੁਝਾਅ ਦੇਣਾ ਸੀ। **ਇਹ ਸੰਵਿਧਾਨ ਦਰਅਸਲ ਸੰਪੱਤੀਸ਼ਾਲੀ ਵਿਅਕਤੀਆਂ ਦੀ ਸੰਵਿਧਾਨ ਸਭਾ ਦੁਆਰਾ ਤਿਆਰ ਕੀਤਾ ਸੰਪੱਤੀ (ਬੁਰਜੂਆ) ਦੀ ਰਾਖੀ ਦਾ ਦਸਤਾਵੇਜ਼ ਹੈ।** ਜਿਸ ਵਿੱਚ ਇਸ ਸੰਪੱਤੀ ਦੀ ਵਿਵਸਥਾ ਨੂੰ ਕਿਰਤੀ ਲੋਕਾਂ ਵੱਲੋਂ ਦਿੱਤੀ ਜਾਣ ਵਾਲੀ ਕਿਸੇ ਵੀ ਚੁਣੌਤੀ ਨਾਲ਼ ਸਿੱਝਣ ਲਈ ਤਰ੍ਹਾਂ ਤਰ੍ਹਾਂ ਦੇ ਕਾਲੇ ਕਾਨੂੰਨ ਸ਼ਾਮਿਲ ਹਨ। ਇਸ ਵਿੱਚ ਸਾਰੀ "ਜਮਹੂਰੀਅਤ" ਨੂੰ ਛਿੱਕੇ ਟੰਗ ਕੇ ਐਮਰਜੈਂਸੀ ਲਾਉਣ ਦੀ ਵੀ ਵਿਵਸਥਾ ਹੈ। ਦਲਿਤਵਾਦੀ ਬੁੱਧੀਜੀਵੀ ਇਸ 'ਤੇ ਬਹੁਤ ਮਾਣ ਕਰਦੇ ਹਨ ਕਿ ਭਾਰਤ ਦਾ ਸੰਵਿਧਾਨ ਅੰਬੇਡਕਰ ਨੇ ਬਣਾਇਆ (ਭਾਵੇਂ ਇਹ ਸੱਚ ਨਹੀਂ ਹੈ, ਅੰਬੇਡਕਰ ਨੇ ਤਾਂ ਤਿਆਰ-ਬਰ-ਤਿਆਰ ਸੰਵਿਧਾਨ 'ਤੇ ਮੋਹਰ ਹੀ ਲਾਈ ਸੀ)। ਉਹ ਇਸ ਸੰਵਿਧਾਨ ਨੂੰ ਭਾਰਤ ਨੂੰ ਵੱਡੀ ਦੇਣ ਦੇ ਰੂਪ ਵਿੱਚ ਪੇਸ਼ ਕਰਦੇ ਹਨ। ਦੇਸ਼ ਵਿੱਚ ਜਿੱਥੇ ਵੀ ਕਿਤੇ ਅੰਬੇਡਕਰ ਦਾ ਬੁੱਤ ਦੇਖਣ ਨੂੰ ਮਿਲਦਾ ਹੈ, ਉਹਨਾਂ ਦੇ ਹੱਥ ਵਿੱਚ ਸੰਵਿਧਾਨ ਦੀ ਕਿਤਾਬ ਜ਼ਰੂਰ ਫੜਾਈ ਹੁੰਦੀ ਹੈ। ਦਰਅਸਲ ਜਿਸ ਗੱਲ 'ਤੇ ਮੱਧਵਰਗੀ "ਦਲਿਤ" ਬੁੱਧੀਜੀਵੀਆਂ ਨੂੰ ਸ਼ਰਮ ਮਹਿਸੂਸ ਕਰਨੀ ਚਾਹੀਦੀ, ਉਹ ਉਸੇ 'ਤੇ ਮਾਣ ਮਹਿਸੂਸ ਕਰਦੇ ਹਨ।

ਇੱਥੇ ਹੀ ਇੱਕ ਹੋਰ ਘਟਨਾ ਦਾ ਵੀ ਜ਼ਿਕਰ ਕਰਨਾ ਪ੍ਰਸੰਗਕ ਹੋਵੇਗਾ। ਜਿਸ ਵੇਲੇ

ਅੰਬੇਡਕਰ ਨਹਿਰੂ ਸਰਕਾਰ ਵਿੱਚ ਕਾਨੂੰਨ ਮੰਤਰੀ ਦੀ ਕੁਰਸੀ ਦਾ ਸੁੱਖ ਮਾਣ ਰਹੇ ਸਨ। ਉਸੇ ਸਮੇਂ ਉਹਨਾਂ ਦੀ ਸਰਕਾਰ ਦੁਆਰਾ ਭੇਜੀ ਫੌਜ ਤੇਲੰਗਾਨਾ ਦੀ ਧਰਤੀ ਨੂੰ, ਗਰੀਬ ਕਿਸਾਨਾਂ, ਦਲਿਤਾਂ, ਔਰਤਾਂ ਦੇ ਖ਼ੂਨ ਨਾਲ਼ ਰੰਗ ਰਹੀ ਸੀ। ਔਰਤਾਂ ਨਾਲ਼ ਬਲਾਤਕਾਰ ਕਰ ਰਹੀ ਸੀ। ਕਮਿਊਨਿਸਟ ਪਾਰਟੀ ਦੀ ਅਗਵਾਈ ਵਿੱਚ ਅੱਗੇ ਵਧ ਰਹੀ ਤੇਲੰਗਾਨਾ ਦੀ ਕਿਸਾਨ ਬਗਾਵਤ ਨੂੰ ਕੁਚਲਣ ਲਈ ਨਹਿਰੂ-ਪਟੇਲ (ਅਤੇ ਅੰਬੇਡਕਰ) ਸਰਕਾਰ ਨੇ ਸਤੰਬਰ 1948 ਵਿੱਚ ਇੱਥੇ ਫੌਜ ਭੇਜੀ ਸੀ। ਤੇਲੰਗਾਨਾ ਦੇ ਸਦੀਆਂ ਤੋਂ ਲੁੱਟੇ ਜਾਂਦੇ ਲੋਕ (ਜਿਹਨਾਂ ਵਿੱਚ ਵੱਡੀ ਗਿਣਤੀ ਵਿੱਚ ਦਲਿਤ ਵੀ ਸ਼ਾਮਿਲ ਸਨ) ਮੁਕਤੀ ਦੇ ਨਵੇਂ ਅਧਿਆਏ ਰਚ ਰਹੇ ਸਨ, ਭਾਰਤੀ ਫੌਜ ਨੇ ਇਸ ਵਿਦਰੋਹ ਨੂੰ ਖ਼ੂਨ ਦੀਆਂ ਨਦੀਆਂ 'ਚ ਡੋਬ ਦਿੱਤਾ। ਭਾਰਤ ਦੀ ਫੌਜ ਨੇ ਤੇਲੰਗਾਨਾ ਦੀ ਵਿਦਰੋਹੀ ਜਨਤਾ 'ਤੇ ਜੋ ਅਸਹਿ ਅਤੇ ਅਕਹਿ ਜ਼ਬਰ ਢਾਹਿਆ, ਉਸ ਦਾ ਲੂੰ-ਕੰਢੇ ਖੜ੍ਹੇ ਕਰਨ ਵਾਲਾ ਵੇਰਵਾ ਸੁੰਦਰਈਆ ਦੀ ਉੱਪਰ ਜ਼ਿਕਰ ਅਧੀਨ ਆਈ ਕਿਤਾਬ ਵਿੱਚ ਪੜ੍ਹਿਆ ਜਾ ਸਕਦਾ ਹੈ। ਭਾਰਤ ਦੀ ਫੌਜ ਵੱਲੋਂ ਤੇਲੰਗਾਨਾ ਦੇ ਲੋਕਾਂ (ਜਿਸ ਵਿੱਚ ਦਲਿਤ ਵੀ ਸ਼ਾਮਲ ਸਨ) ਉੱਪਰ ਢਾਹੇ ਗਏ ਜ਼ਬਰ ਨੇ ਅੰਬੇਡਕਰ ਦੀ ਆਤਮਾ ਨੂੰ ਨਹੀਂ ਹਲੂਣਿਆ। ਉਹਨਾਂ ਇਸ ਵਿਰੁੱਧ ਕੋਈ ਆਵਾਜ਼ ਨਹੀਂ ਉਠਾਈ। ਉਹ ਬੜੇ ਆਰਾਮ ਨਾਲ਼ ਕਾਨੂੰਨ ਮੰਤਰੀ ਦੀ ਕੁਰਸੀ ਦਾ ਸੁੱਖ ਮਾਣਦੇ ਰਹੇ।

ਬਾਅਦ ਵਿੱਚ 27 ਸਤੰਬਰ 1955 ਨੂੰ ਉਹਨਾਂ ਨੇ ਕਾਨੂੰਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਮਸਲਾ ਸਿਰਫ਼ ਏਨਾ ਹੀ ਸੀ ਕਿ ਨਹਿਰੂ ਸਰਕਾਰ ਵਿੱਚ ਉਹਨਾਂ ਨੂੰ ਉਹਨਾਂ ਦਾ ਮਨਪਸੰਦ ਮੰਤਰਾਲਾ (ਕਿਰਤ ਮੰਤਰਾਲਾ) ਨਹੀਂ ਸੀ ਮਿਲਿਆ। ਕਾਨੂੰਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਉਹਨਾਂ ਇਕ ਬਹੁਤ ਹੀ ਹੈਰਾਨ ਕਰਨ ਵਾਲਾ ਬਿਆਨ ਦਿੱਤਾ ਕਿ 'ਸੰਵਿਧਾਨ ਨੂੰ ਜਲਾਉਣ ਵਾਲਾ ਮੈਂ ਪਹਿਲਾ ਵਿਅਕਤੀ ਹੋਵਾਂਗਾ' (ਦੇਖੋ ਰੰਗਾਨਾਇਆਕੰਮਾ ਦੁਆਰ ਯੇਂਦੁਲੂਰੀ ਦੀ ਤੇਲਗੂ ਕਿਤਾਬ "ਡਾ. ਅੰਬੇਡਕਰ ਜੀਵਨ ਚਰਿੱਤਰ" 'ਚੋਂ ਹਵਾਲਾ, ਰੰਗਾਨਾਇਆਕੰਮਾ 'ਜਾਤ ਦੇ ਸਵਾਲ ਦੇ ਹੱਲ ਲਈ, ਬੁੱਧ ਕਾਫੀ ਨਹੀਂ, ਅੰਬੇਡਕਰ ਵੀ ਕਾਫੀ ਨਹੀਂ, ਮਾਰਕਸ ਜ਼ਰੂਰੀ ਹਨ, ਹਿੰਦੀ ਪੰਨਾ-452) ਅੰਬੇਡਕਰ ਦੇ ਇਸ ਬਿਆਨ ਦੇ ਬਾਵਜੂਦ ਵੀ ਮੱਧਵਰਗੀ ਦਲਿਤਵਾਦੀ ਬੁੱਧੀਜੀਵੀ ਉਹਨਾਂ ਦਾ ਸੰਵਿਧਾਨ ਨਿਰਮਾਤਾ ਦੇ ਰੂਪ ਵਿੱਚ ਮਹਿਮਾਗਾਣ ਕਰੀ ਜਾ ਰਹੇ ਹਨ।

3) ਅੰਬੇਡਕਰ ਦਾ ਅਰਥ-ਸ਼ਾਸਤਰ

ਹੋਰ ਸਭ ਸਵਾਲਾਂ, ਜਿਹਨਾਂ ਉੱਪਰ ਦੀ ਅੰਬੇਡਕਰ ਨੇ ਲਿਖਿਆ ਹੈ, ਵਾਂਗ ਆਰਥਿਕ ਮਾਮਲਿਆਂ ਬਾਰੇ ਵੀ ਉਹਨਾਂ ਦੀ ਸਮਝ ਬੇਹੱਦ ਸਤੱਹੀ ਹੈ। ਅੰਬੇਡਕਰ ਇਕ ਪਬਲਿਕ ਸੈਕਟਰ ਪੂੰਜੀਵਾਦ ਦੀ ਵਕਾਲਤ ਕਰਦੇ ਹਨ ਜਿਸ ਨੂੰ ਮਿਸ਼ਰਿਤ ਅਰਥਚਾਰਾ ਵੀ ਕਿਹਾ ਜਾਂਦਾ ਹੈ। ਇਸ ਮਾਮਲੇ ਵਿੱਚ ਨਹਿਰੂ-ਮੋਹਾਲਨੋਬਿਸ-ਟਾਟਾ ਬਿਰਲਾ ਪਲਾਨ ਅਤੇ ਅੰਬੇਡਕਰ

ਦੇ ਵਿਚਾਰਾਂ ਵਿੱਚ ਕੋਈ ਅੰਤਰ ਨਹੀਂ ਹੈ। ਅਸਲ ਵਿੱਚ ਆਜ਼ਾਦੀ ਤੋਂ ਬਾਅਦ ਭਾਰਤ ਦੀ ਸਰਮਾਏਦਾਰ ਜਮਾਤ ਨੇ ਪੂੰਜੀਵਾਦੀ ਵਿਕਾਸ ਦਾ ਇਹੋ ਮਾਡਲ ਅਪਣਾਇਆ ਸੀ, ਜਿਸ ਦੇ ਨਤੀਜੇ ਅੱਜ ਸਾਡੇ ਸਭ ਦੇ ਸਾਹਮਣੇ ਹਨ।

ਇਸ ਤੋਂ ਇਲਾਵਾ ਅੰਬੇਡਕਰ ਜ਼ਮੀਨ ਦੇ ਕੌਮੀਕਰਨ ਦਾ ਯੂਟੋਪੀਆ ਸਿਰਜਦੇ ਹਨ (ਦੇਖੋ ਅੰਬੇਡਕਰ ਦੀਆਂ ਸੰਪੂਰਨ ਰਚਨਾਵਾਂ ਭਾਗ–1, ਪੰਨਾ 396–97)। ਦਰਅਸਲ ਸਨਅਤੀ ਬੁਰਜੂਆਜ਼ੀ ਵੀ ਭੂਮੀ ਦਾ ਕੌਮੀਕਰਨ ਚਾਹੁੰਦੀ ਹੈ। ਇਸ ਨਾਲ਼ ਭੂਮੀਪਤੀਆਂ ਨੂੰ ਪ੍ਰਾਪਤ ਹੁੰਦਾ ਨਿਰਪੇਖ ਲਗਾਨ ਖਤਮ ਹੋ ਜਾਵੇਗਾ ਅਤੇ ਸਨਅਤੀ ਪੂੰਜੀਪਤੀਆਂ ਨੂੰ ਖੇਤੀ ਤੋਂ ਸਸਤਾ ਕੱਚਾ ਮਾਲ ਪ੍ਰਾਪਤ ਹੋ ਸਕੇਗਾ। ਪਰ ਨਿੱਜੀ ਸੰਪੱਤੀ ਦੇ ਇੱਕ ਹਿੱਸੇ ਉੱਪਰ ਉਂਗਲ ਧਰਨ ਨਾਲ਼ ਪੂਰੀ ਸੰਪੱਤੀ ਦੀ ਵਿਵਸਥਾ ਤੇ ਹੀ ਪ੍ਰਸ਼ਨ ਚਿੰਨ੍ਹ ਲੱਗ ਜਾਵੇਗਾ। ਇਸ ਲਈ ਬੁਰਜੂਆਜ਼ੀ ਕਦੇ ਵੀ ਜ਼ਮੀਨ ਦਾ ਕੌਮੀਕਰਨ ਨਹੀਂ ਕਰੇਗੀ। ਅੰਬੇਡਕਰ ਬੁਰਜੂਆ ਹਕੂਮਤ ਤੋਂ ਜ਼ਮੀਨ ਦੇ ਕੌਮੀਕਰਨ ਦੀ ਉਮੀਦ ਰੱਖਦੇ ਹਨ। ਇਹ ਇਕ ਤਰ੍ਹਾਂ ਨਾਲ਼ ਅੰਬੇਡਕਰ ਦਾ ਭੂਮੀ ਦੇ ਕੌਮੀਕਰਨ ਦਾ ਪ੍ਰੋਗਰਾਮ ਇੱਕ ਯੂਟੋਪੀਆ ਹੈ।

ਅੰਬੇਡਕਰ ਨੇ ਇਕ ਲੇਖ ਲਿਖਿਆ ਸੀ 'ਆਰਥਿਕ ਲੁੱਟ ਤੋਂ ਸੁਰੱਖਿਆ', ਇਸ ਵਿੱਚ ਉਹਨਾਂ ਆਰਥਿਕ ਲੁੱਟ ਨੂੰ ਪ੍ਰੀਭਾਸ਼ਤ ਕੀਤੇ ਬਿਨਾਂ ਹੀ ਆਰਥਿਕ ਲੁੱਟ ਤੋਂ ਸੁਰੱਖਿਆ ਦੇ ਕੁਝ ਉਪਾਅ ਦੱਸੇ ਹਨ। ਇਕ ਤਾਂ ਇਹਨਾਂ ਉਪਾਵਾਂ ਨੂੰ ਪੜ੍ਹਕੇ ਪਤਾ ਲਗਦਾ ਹੈ ਕਿ ਅੰਬੇਡਕਰ ਨੂੰ ਇਸ ਗੱਲ ਦੀ ਕੋਈ ਸਮਝ ਹੀ ਨਹੀਂ ਸੀ ਕਿ ਆਰਥਿਕ ਲੁੱਟ ਹੈ ਕੀ? ਦੂਜੇ ਉਹਨਾਂ ਦੁਆਰਾ ਸੁਝਾਏ ਉਪਾਅ ਯੂਟੋਪੀਆਈ ਹਨ। ਉਹਨਾਂ ਦਾ ਕਹਿਣਾ ਸੀ ਕਿ ਸਰਕਾਰ ਨੂੰ ਸਨਅਤਾਂ ਅਤੇ ਜ਼ਮੀਨ ਨਿੱਜੀ ਹੱਥਾਂ 'ਚੋਂ ਲੈ ਕੇ ਇਹਨਾਂ ਦੇ ਮਾਲਕਾਂ ਨੂੰ ਇਹਨਾਂ ਦੀ ਕੀਮਤ ਦੇ ਬਰਾਬਰ ਦੇ ਕਰਜਾ ਪੱਤਰ ਜਾਰੀ ਕਰਨੇ ਚਾਹੀਦੇ ਹਨ। ਇਹ ਕਰਜਾ ਪੱਤਰ ਵਿਰਾਸਤ ਯੋਗ ਸੰਪੱਤੀ ਹੋਣਗੇ। ਇਹਨਾਂ ਕਰਜ਼ ਪੱਤਰਾਂ ਦੇ ਮਾਲਕਾਂ ਨੂੰ ਰਾਜ ਵਿਆਜ਼ ਅਦਾ ਕਰਦਾ ਰਹੇ। ਅੰਬੇਡਕਰ ਏਨਾ ਵੀ ਨਹੀਂ ਜਾਣਦੇ ਸਨ ਕਿ ਵਿਆਜ ਦਾ ਸ੍ਰੋਤ ਵੀ ਕਿਰਤ ਦੀ ਲੁੱਟ ਹੀ ਹੁੰਦਾ ਹੈ। ਕਿ ਇਹ ਮਾਲਕਾਂ ਦੁਆਰਾ ਮਜ਼ਦੂਰਾਂ ਤੋਂ ਹਥਿਆਈ ਵਾਫਰ ਕਦਰ ਦਾ ਹੀ ਇਕ ਹਿੱਸਾ ਹੁੰਦਾ ਹੈ। ਇਸੇ ਤਰ੍ਹਾਂ 'ਰਾਜਕੀ ਸਮਾਜਵਾਦ', ਸੰਪੱਤੀ ਆਦਿ ਸਵਾਲਾਂ 'ਤੇ ਅੰਬੇਡਕਰ ਬੁਰੀ ਤਰ੍ਹਾਂ ਵਿਚਾਰਧਾਰਕ ਰੋਲ਼–ਘਚੋਲ਼ੇ ਦੇ ਸ਼ਿਕਾਰ ਹਨ, ਜਿਹਨਾਂ ਦੇ ਵਿਸਥਾਰ ਵਿੱਚ ਜਾਣ ਦੀ ਇੱਥੇ ਲੋੜ ਨਹੀਂ ਹੈ।

4) ਅੰਬੇਡਕਰ ਦਾ ਸਮਾਜ-ਸ਼ਾਸਤਰ

ਅੰਬੇਡਕਰ ਸਾਰੀ ਉਮਰ ਕਿਸੇ ਨਾ ਕਿਸੇ ਰੂਪ ਵਿੱਚ ਛੂਆ–ਛੂਤ, ਜਾਤ ਵਿਰੁੱਧ ਸੰਘਰਸ਼ ਕਰਦੇ ਰਹੇ। ਪਰ ਕੀ ਉਹ ਜਾਤਪਾਤ ਦੇ ਇਸ ਦੈਂਤ ਦੇ ਖਾਤਮੇ ਦਾ ਕੋਈ ਮਾਰਗ ਸੁਝਾਉਂਦੇ ਹਨ। ਆਓ ਦੇਖਦੇ ਹਾਂ ਕਿ ਇਸ ਬਾਰੇ ਅੰਬੇਡਕਰ ਦਾ ਕੀ ਕਹਿਣਾ ਹੈ। ਅੰਬੇਡਕਰ

ਨੇ 1936 ਵਿੱਚ ਇਕ ਲੇਖ ਲਿਖਿਆ ਸੀ 'ਜਾਤੀ ਪ੍ਰਥਾ ਦਾ ਖਾਤਮਾ'। ਜਾਤ ਅਧਾਰਿਤ ਲੁੱਟ, ਜ਼ਬਰ ਅਪਮਾਨ ਝੱਲਣ ਵਾਲਾ ਕੋਈ ਵੀ ਵਿਅਕਤੀ ਇਸ ਸਿਰਲੇਖ ਪੜ੍ਹ ਕੇ ਬਹੁਤ ਖੁਸ਼ ਹੋਵੇਗਾ, ਕਿ ਸ਼ਾਇਦ ਅੰਬੇਡਕਰ ਨੇ ਜਾਤ-ਪਾਤ ਤੋਂ ਮੁਕਤੀ ਦਾ ਕੋਈ ਰਾਹ ਦੱਸਿਆ ਹੋਵੇਗਾ। ਪਰ ਇਹ ਲੇਖ ਪੜ੍ਹਨ ਵਾਲੇ ਦੇ ਪੱਲੇ ਨਿਰਾਸ਼ਾ ਹੀ ਪੈਂਦੀ ਹੈ। ਕਿਉਂਕਿ ਅੰਬੇਡਕਰ ਇਸ ਲੇਖ ਵਿੱਚ ਇਹ ਨਤੀਜਾ ਕੱਢਦੇ ਹਨ ਕਿ 'ਜਾਤੀ ਪ੍ਰਥਾ ਦਾ ਖਾਤਮਾ' ਨਾਮੁਮਕਿਨ ਹੈ। ਇਸ ਦੇ ਲਈ ਉਹਨਾਂ ਨੇ ਦੋ ਕਾਰਨ ਦੱਸੇ ਹਨ। ਇਕ ਇਹ ਕਿ ਇਸ ਲਈ ਬ੍ਰਾਹਮਣ ਤਿਆਰ ਨਹੀਂ ਹੋਣਗੇ, ਦੂਜਾ ਇਹ ਕਿ ਕੋਈ ਵੀ ਜਾਤ ਤਬਦੀਲੀ ਪਸੰਦ ਨਹੀਂ ਕਰੇਗੀ। ਉਹਨਾਂ ਦਾ ਕਹਿਣਾ ਹੈ:

> "(ਜਾਤੀ ਪ੍ਰਥਾ ਦਾ ਖਾਤਮਾ) ਇਕ ਵਿਸ਼ਾਲ ਕਾਰਜ ਹੈ, ਲਗਭਗ ਅਸੰਭਵ। ਹਿੰਦੂ ਸਮਾਜਿਕ ਢਾਂਚੇ ਦੀ ਪਵਿੱਤਰਤਾ ਦੀ ਰਾਖੀ ਕਰਦੇ ਹਨ। ਜਾਤੀ ਦਾ ਦੈਵਿਕ ਅਧਾਰ ਹੁੰਦਾ ਹੈ। ਇਸ ਲਈ ਤੁਹਾਨੂੰ ਇਸ ਪਵਿੱਤਰਤਾ ਅਤੇ ਦੇਵਤਵ ਨੂੰ ਨਸ਼ਟ ਕਰਨਾ ਪਏਗਾ। ਜਿਸ ਨਾਲ਼ ਜਾਤਾਂ ਖਪ ਚੁੱਕੀਆਂ ਹਨ। ਇਸ ਅੰਤਿਮ ਵਿਸ਼ਲੇਸ਼ਣ ਦਾ ਨਤੀਜਾ ਇਹ ਹੈ ਕਿ ਤੁਹਾਨੂੰ ਸ਼ਾਸਤਰਾਂ ਅਤੇ ਵੇਦਾਂ ਦੀ ਸੱਤਾ ਨੂੰ ਨਸ਼ਟ ਕਰਨਾ ਪਏਗਾ....। ਖੁਦ ਲਈ ਬੋਲਦੇ ਹੋਏ ਮੈਨੂੰ ਇਹ ਕਾਰਜ ਅਸੰਭਵ ਦਿਖਾਈ ਦਿੰਦਾ ਹੈ। ਸ਼ਾਇਦ ਤੁਸੀਂ ਇਹ ਜਾਨਣਾ ਚਾਹੋਂ ਕਿ ਮੈਂ ਅਜਿਹਾ ਕਿਉਂ ਸੋਚਦਾ ਹਾਂ। ਅਜਿਹੇ ਕਈ ਕਾਰਨਾਂ ਵਿੱਚੋਂ ਜਿਹਨਾਂ ਨੇ ਮੈਨੂੰ ਇਹ ਧਾਰਨਾ ਅਪਨਾਉਣ ਲਈ ਮਜਬੂਰ ਕੀਤਾ ਹੈ, ਮੈਂ ਕੁਝ ਦਾ ਜਿਕਰ ਕਰਾਂਗਾ ਜੋ ਕਿ ਜ਼ਰੂਰੀ ਹਨ। ਇਹਨਾਂ ਕਾਰਨਾਂ ਵਿੱਚੋਂ ਇਕ ਦੁਸ਼ਮਣੀ ਦੀ ਮਨੋਬਿਰਤੀ ਹੈ, ਜਿਹੜੀ ਬ੍ਰਾਹਮਣਾਂ ਨੇ ਇਸ ਸਵਾਲ ਦੀ ਦਿਸ਼ਾ ਵਿੱਚ ਦਿਖਾਈ ਹੈ....। ਕੀ ਇਸ ਮਾਮਲੇ ਵਿੱਚ ਭਵਿੱਖ ਵਿੱਚ ਅੱਗੇ ਆਉਣ ਲਈ ਬ੍ਰਾਹਮਣਾਂ ਤੋਂ ਉਮੀਦ ਕੀਤੀ ਜਾ ਸਕਦੀ ਹੈ ? ਮੇਰਾ ਕਹਿਣਾ ਹੈ ਕਿ ਨਹੀਂ।" (ਅੰਬੇਡਕਰ ਭਾਗ-1, ਪੰਨਾ 69-70)

ਦੂਜੇ ਕਾਰਨ ਦੀ ਚਰਚਾ ਉਹ ਇਹਨਾਂ ਸ਼ਬਦਾਂ ਵਿੱਚ ਕਰਦੇ ਹਨ:

> "ਜੇਕਰ ਤੁਸੀਂ ਧਿਆਨ ਵਿੱਚ ਰਖੋਂ ਤਾਂ ਜਾਤੀ ਵਿਵਸਥਾ ਦੇ ਦੋ ਦ੍ਰਿਸ਼ਟੀਕੋਣ ਹਨ, ਤਾਂ ਇਹ ਦੂਜਾ ਕਾਰਨ ਸਪਸ਼ਟ ਹੋ ਜਾਵੇਗਾ ਕਿ ਮੈਂ ਇਸ ਕੰਮ ਨੂੰ ਅਸੰਭਵ ਕਿਉਂ ਦੱਸਦਾ ਹਾਂ। ਇਸਦੇ ਇਕ ਦ੍ਰਿਸ਼ਟੀਕੋਣ ਵਿੱਚ ਇਹ ਮਨੁੱਖਾਂ ਨੂੰ ਵੱਖ ਵੱਖ ਭਾਈਚਾਰਿਆਂ 'ਚ ਵੰਡਦੀ ਹੈ। ਇਸਦੇ ਦੂਜੇ ਦ੍ਰਿਸ਼ਟੀਕੋਣ ਵਿੱਚ ਇਹ ਭਾਈਚਾਰਿਆਂ ਨੂੰ ਸਮਾਜਿਕ ਇੱਜਤਮਾਣ ਦੇ ਪੌੜੀਨੁਮਾ ਕ੍ਰਮ ਵਿੱਚ ਇਕ ਦੇ ਉੱਪਰ ਇਕ ਰੱਖ ਦਿੰਦੀ ਹੈ। ਹਰੇਕ ਜਾਤ ਇਸ ਹਕੀਕਤ ਵਿੱਚ ਆਪਣਾ ਮਾਣ ਸਮਝਦੀ ਹੈ ਅਤੇ ਉਸਨੂੰ ਦਿਲਾਸਾ ਮਿਲਦਾ ਹੈ ਕਿ ਉਹ ਜਾਤਾਂ ਦੇ ਮਾਪਦੰਡ ਵਿੱਚ ਕੁਝ ਹੋਰਾਂ ਜਾਤਾਂ ਤੋਂ ਉੱਪਰ ਹੈ।" (ਉਪਰੋਕਤ ਪੰਨਾ-72)

ਪਰ ਜਾਤ ਪਾਤ ਦਾ ਸੰਤਾਪ ਭੋਗਦੇ ਲੋਕਾਂ ਨੂੰ ਨਿਰਾਸ਼ ਹੋਣ ਦੀ "ਲੋੜ ਨਹੀਂ" ਕਿਉਂਕਿ ਹਰ ਸਵਾਲ ਦੀ ਤਰ੍ਹਾਂ ਇਥੇ ਵੀ ਉਹ ਆਪਣੀਆਂ ਹੀ ਧਾਰਨਾਵਾਂ ਦਾ ਖੰਡਨ ਕਰਦੇ

ਹੋਏ ਉੱਪਰ ਕਹੀਆਂ ਗੱਲਾਂ ਦੇ ਉਲਟ ਵੀ ਗੱਲ ਕਰਦੇ ਹਨ। ਉਹ ਕਹਿੰਦੇ ਹਨ ਕਿ ਜਾਤੀ ਵਿਵਸਥਾ ਤੋੜੀ ਜਾ ਸਕਦੀ ਹੈ, "ਜਾਤੀ ਤੋੜਨ ਦਾ ਸਹੀ ਇਲਾਜ ਹੈ ਅੰਤਰਜਾਤੀ ਵਿਆਹ" (ਉਪਰੋਕਤ ਪੰਨਾ-67)। ਇਸ ਲਈ ਸ਼ੁਰੂਆਤ ਹਿੰਦੂ ਧਰਮ ਵਿੱਚ ਸੁਧਾਰ ਕਰਨ ਨਾਲ ਹੋਵੇਗੀ। ਅੱਗੇ ਉਹ ਉਹਨਾਂ ਸੁਧਾਰਾਂ ਦੀ ਸੂਚੀ ਦਿੰਦੇ ਹਨ ਜਿਹੜੇ ਹਿੰਦੂ ਧਰਮ ਵਿੱਚ ਹੋਣੇ ਚਾਹੀਦੇ ਹਨ। (ਇਸ ਲਈ ਦੇਖੋ ਉਪਰੋਕਤ ਪੰਨਾ 76-77)।

ਅੰਬੇਡਕਰ ਦਾ ਕਹਿਣਾ ਹੈ ਕਿ ਹਿੰਦੂ ਧਰਮ ਵਿੱਚ ਉਸ ਦੁਆਰ ਸੁਝਾਏ ਸੁਧਾਰ ਤੋਂ ਬਾਅਦ ਅੰਤਰਜਾਤੀ ਵਿਆਹ ਹੋਣ ਲੱਗਣਗੇ, ਕਿਉਂਕਿ ਇਸ ਸੁਧਾਰ ਵਿੱਚ ਜਾਤਾਂ ਦਾ ਜ਼ਿਕਰ ਨਹੀਂ ਹੋਵੇਗਾ।

ਇਹ ਗੱਲ ਸਹੀ ਹੈ ਕਿ ਅੰਤਰਜਾਤੀ ਵਿਆਹ ਜਾਤੀ ਪ੍ਰਥਾ 'ਤੇ ਸੱਟ ਮਾਰ ਸਕਦੇ ਹਨ। ਪਰ ਇਹ ਹਿੰਦੂ ਧਰਮ ਵਿੱਚ ਕਿਸੇ ਯੂਟੋਪੀਆਈ ਸੁਧਾਰ ਜ਼ਰੀਏ ਸੰਭਵ ਨਹੀਂ ਹੋਵੇਗਾ (ਜੋ ਅੰਬੇਡਕਰ ਨੇ ਸੁਝਾਇਆ ਹੈ)। **ਅਰੇਂਜ਼ਡ ਅੰਤਰਜਾਤੀ ਵਿਆਹ ਨਹੀਂ ਹੋ ਸਕਦੇ। ਅੰਤਰਜਾਤੀ ਪ੍ਰੇਮ ਵਿਆਹ ਹੀ ਸੰਭਵ ਹਨ। ਪ੍ਰੇਮ ਕਰਨ ਵਾਸਤੇ ਸਮਾਂ, ਸਿੱਖਿਆ ਅਤੇ ਸੱਭਿਆਚਾਰ ਦੀ ਜ਼ਰੂਰਤ ਹੁੰਦੀ ਹੈ।** ਪਰ ਅੱਜ ਵੀ ਦਲਿਤਾਂ ਦਾ ਲਗਭਗ 90 ਫੀਸਦੀ ਹਿੱਸਾ ਉਜਰਤੀ ਗੁਲਾਮ ਹਨ। ਜਿਸ ਕੋਲ ਪ੍ਰੇਮ ਕਰਨ ਵਾਸਤੇ ਨਾ ਤਾਂ ਸਮਾਂ ਹੈ ਨਾ ਸਿੱਖਿਆ ਅਤੇ ਨਾ ਹੀ ਸੱਭਿਆਚਾਰ ਹੈ। ਸੱਭਿਆਚਾਰ ਤੋਂ ਵਾਂਝਾ ਪ੍ਰੇਮ ਕਦੇ ਵੀ ਮਨੁੱਖੀ ਪ੍ਰੇਮ ਨਹੀਂ ਹੋ ਸਕਦਾ, ਇਹ ਪਾਸ਼ਵਿਕ ਪ੍ਰੇਮ ਹੋ ਸਕਦਾ ਹੈ। ਦਲਿਤਾਂ ਵਿੱਚ ਸਿੱਖਿਆ ਅਤੇ ਸੱਭਿਆਚਾਰ ਦੇ ਪਸਾਰੇ ਵਾਸਤੇ ਜ਼ਰੂਰੀ ਹੈ ਕਿ ਉਹਨਾਂ ਵਿੱਚ ਦੀ ਆਰਥਿਕ ਦਸ਼ਾ ਸੁਧਾਰੀ ਜਾਵੇ ਅਤੇ ਇਸ ਲਈ ਮੌਜੂਦਾ ਪੂੰਜੀਵਾਦੀ ਉਤਪਾਦਨ ਸਬੰਧਾਂ ਨੂੰ ਬਦਲਣਾ ਹੋਵੇਗਾ। ਅੰਬੇਡਕਰ ਨੇ ਇਹ ਤਾਂ ਠੀਕ ਕਿਹਾ ਕਿ ਜਾਤ ਪਾਤ ਦੇ ਖਾਤਮੇ ਲਈ ਲੋਕਾਂ ਵਿੱਚ ਰੋਟੀ ਬੇਟੀ ਦਾ ਰਿਸ਼ਤਾ ਬਣਨਾ ਜ਼ਰੂਰੀ ਹੈ। ਪਰ ਇਹ ਕਿਵੇਂ ਸੰਭਵ ਹੋਵੇਗਾ ? ਇਸ ਦੇ ਜਵਾਬ ਵਿਚ ਉਹਨਾਂ ਨੇ ਹਿੰਦੂ ਧਰਮ ਵਿੱਚ ਸੁਧਾਰ ਦਾ ਯੂਟੋਪੀਆ ਹੀ ਸਿਰਜਿਆ ਹੈ।

ਅੰਬੇਡਕਰ ਨੇ ਜਾਤੀ ਵਿਵਸਥਾ ਦੇ ਖਾਤਮੇ ਦਾ ਇਕ ਹੋਰ ਮਾਰਗ ਵੀ ਸੁਝਾਇਆ ਹੈ। ਉਹ ਹੈ ਧਰਮ ਪਰਿਵਰਤਨ ਦਾ ਮਾਰਗ ਇਸ ਮਸਲੇ 'ਤੇ ਵੀ ਅੰਬੇਡਕਰ ਦਾ ਕੋਈ ਸਪਸ਼ਟ ਸਟੈਂਡ ਨਹੀਂ ਹੈ, ਉਹ ਹਰ ਸਵਾਲ ਦੀ ਤਰ੍ਹਾਂ ਇਥੇ ਵੀ ਆਪਾ ਵਿਰੋਧੀ ਗੱਲਾਂ ਕਰਦੇ ਹਨ। ਉਹਨਾਂ ਦਾ ਕਹਿਣਾ ਹੈ ਕਿ:

> "ਕੀ ਈਸਾਈ ਧਰਮ ਅਪਣਾਉਣ ਤੋਂ ਬਾਅਦ ਕੋਈ ਅਛੂਤ ਸਰਵਜਨਕ ਖੂਹ ਤੋਂ ਪਾਣੀ ਲੈ ਸਕਦਾ ਹੈ ? ਕੀ ਉਸਦੇ ਬੱਚਿਆਂ ਦੀ ਕਿਸੇ ਪਬਲਿਕ ਸਕੂਲ ਵਿੱਚ ਭਰਤੀ ਹੁੰਦੀ ਹੈ ? ਕੀ ਉਹ ਕਿਸੇ ਦੁਕਾਨ ਅੰਦਰ ਜਾ ਕੇ ਸਮਾਨ ਖਰੀਦ ਸਕਦਾ ਹੈ ? ਕੀ ਕੋਈ ਨਾਈ ਉਸਦੀ ਦਾੜ੍ਹੀ ਬਣਾਏਗਾ ? ਕੀ ਕੋਈ ਧੋਬੀ ਉਸਦੇ ਕੱਪੜੇ ਧੋਵੇਗਾ ? ਕੀ ਉਹ ਬੱਸ ਵਿੱਚ ਸਫਰ ਕਰ ਸਕਦਾ ਹੈ ?" (ਭਾਗ ਪੰਜ, ਪੰਨਾ-470)

ਅੱਗੇ ਇਸੇ ਤਰ੍ਹਾਂ ਦੇ ਸਵਾਲਾਂ ਦਾ ਸਿਲਸਿਲਾ ਚੱਲਦਾ ਰਹਿੰਦਾ ਹੈ। ਇਹਨਾਂ ਸਵਾਲਾਂ

ਦੇ ਜਵਾਬ ਵਿੱਚ ਅੰਬੇਡਕਰ ਦਾ ਕਹਿਣਾ ਹੈ:

> "ਮੈਨੂੰ ਪੂਰਾ ਵਿਸ਼ਵਾਸ ਹੈ ਕਿ ਹਰ ਸਵਾਲ ਦਾ ਉੱਤਰ 'ਨਾਂਹ' ਵਿੱਚ ਹੋਵੇਗਾ। ਦੂਜੇ ਸ਼ਬਦਾਂ ਵਿੱਚ ਧਰਮ ਬਦਲਣ ਨਾਲ ਅਛੂਤਾਂ ਦੇ ਸਮਾਜਿਕ ਸਤਰ ਵਿੱਚ ਕੋਈ ਅੰਤਰ ਨਹੀਂ ਆਇਆ ਹੈ। ਹਿੰਦੂ ਜਨਮਾਨਸ ਲਈ ਅਛੂਤ, ਅਛੂਤ ਹੀ ਰਹੇਗਾ, ਭਾਵੇਂ ਹੀ ਉਹ ਈਸਾਈ ਬਣ ਜਾਵੇ।" (ਉਪਰੋਕਤ)

ਅੰਬੇਡਕਰ ਨੇ 1956 ਵਿੱਚ ਜਦੋਂ ਹਿੰਦੂ ਧਰਮ ਛੱਡ ਕੇ ਬੁੱਧ ਧਰਮ ਅਪਣਾ ਲਿਆ ਅਤੇ ਹੋਰਾਂ ਦਲਿਤ ਨੂੰ ਵੀ ਅਜਿਹਾ ਹੀ ਕਰਨ ਲਈ ਕਿਹਾ ਤਾਂ ਉਹਨਾਂ ਨੇ ਬੁੱਧ ਧਰਮ ਅਪਨਾਉਣ ਪ੍ਰਤੀ ਉਹੋ ਸਵਾਲ ਨਹੀਂ ਉਠਾਏ ਜੋ ਉਸਨੇ ਈਸਾਈ ਧਰਮ ਆਪਣਾਏ ਜਾਣ ਸਬੰਧੀ ਉਠਾਏ ਸਨ।

ਪਰ ਕੀ ਬੁੱਧ ਧਰਮ ਜਾਤ-ਪਾਤ ਖਤਮ ਕਰਨ ਵਿੱਚ ਸਹਾਈ ਹੋਇਆ ? ਇਸ ਦਾ ਜਵਾਬ ਵੀ ਨਾਂਹ ਵਿੱਚ ਹੀ ਹੈ। ਜਿਹਨਾਂ ਦਲਿਤਾਂ ਨੇ ਹਿੰਦੂ ਧਰਮ ਛੱਡਕੇ ਬੁੱਧ ਧਰਮ ਅਪਣਾਇਆ। ਉਹ ਨਵ ਬੌਧ ਬਣ ਗਏ। ਨਵ ਬੌਧ ਦਲਿਤ ਦਾ ਪ੍ਰਾਏਵਾਚੀ ਸ਼ਬਦ ਬਣ ਗਿਆ। ਦਲਿਤ ਬੋਧੀਆਂ ਦੇ ਅੰਦਰ ਵੀ ਜਾਤ-ਪਾਤ ਦੇ ਵਿਤਕਰੇ ਬਰਕਰਾਰ ਰਹੇ। ਦਰਅਸਲ ਧਰਮ ਪਰਿਵਰਤਨ ਸਮੱਸਿਆ ਦਾ ਕੋਈ ਹੱਲ ਹੀ ਨਹੀਂ ਹੈ। ਜੇਕਰ ਸਾਰੇ ਦਲਿਤ ਬੋਧੀ ਹੋ ਜਾਣ ਤਾਂ ਦਲਿਤ ਦਾ ਨਾਮ ਬੋਧੀ ਹੋ ਜਾਵੇਗਾ। ਜੇਕਰ ਸਾਰੀਆਂ ਜਾਤਾਂ ਦੇ ਲੋਕ ਬੋਧੀ ਹੋ ਜਾਣ ਤਾਂ ਹਸ਼ਰ ਸਿੱਖ ਧਰਮ, ਈਸਾਈ ਧਰਮ ਅਤੇ ਇਸਲਾਮ ਧਰਮ ਜਿਹਾ ਹੋਵੇਗਾ। ਇਹ ਧਰਮ ਜਾਤ ਪਾਤ ਨੂੰ ਨਹੀਂ ਮੰਨਦੇ ਪਰ ਇਹਨਾਂ ਦੇ ਪੈਰੋਕਾਰਾਂ ਅੰਦਰ ਜਾਤ-ਪਾਤ ਬਾਦਸਤੂਰ ਜਾਰੀ ਹੈ। ਬੱਸ ਜਾਤਾਂ ਦੇ ਨਾਮ ਬਦਲ ਗਏ। ਸਿੱਖਾਂ ਵਿੱਚ ਚਮਾਰ ਰਾਮਦਾਸੀਏ ਸਿੱਖ ਬਣ ਗਏ, ਚੂੜ੍ਹੇ ਮਜ਼ਬੀ ਸਿੱਖ, ਜੱਟ, ਜੱਟ ਸਿੱਖ ਅਰੋੜੇ ਭਾਪੇ ਸਿੱਖ ਹੋ ਗਏ। ਇਸਲਾਮ ਧਰਮ ਦਾ ਵੀ ਇਹੋ ਹਾਲ ਹੈ। ਇਹਨਾਂ 'ਚ ਵੀ ਜਾਤ-ਪਾਤ ਹਿੰਦੂ ਧਰਮ ਦੇ ਪੈਰੋਕਾਰਾਂ ਵਾਂਗ ਹੀ ਬਰਕਰਾਰ ਹੈ। ਇਸ ਧਰਮ ਦੇ ਪੈਰੋਕਾਰ ਵੀ ਸ਼ੇਖ, ਅਨਸਾਰੀ, ਧੁਨੀਆ, ਕਬਾੜੀ, ਕਾਸਿਸ, ਹਜਾਮ ਆਦਿ ਅਨੇਕਾਂ ਜਾਤਾਂ ਵਿੱਚ ਵੰਡੇ ਹੋਏ ਹਨ।

ਇਸੇ ਤਰ੍ਹਾਂ ਅੰਬੇਡਕਰ ਨੇ ਦਲਿਤਾਂ ਦੇ ਉੱਥਾਨ ਦਾ ਜੋ ਇਕ ਹੋਰ ਨੁਸਖਾ ਸੁਝਾਇਆ ਸੀ ਉਹ ਸੀ ਦਲਿਤਾਂ ਵਾਸਤੇ ਸਰਕਾਰੀ ਨੌਕਰੀਆਂ ਅਤੇ ਸਿੱਖਿਆ ਸੰਸਥਾਵਾਂ ਵਿੱਚ ਰਿਜ਼ਰਵੇਸ਼ਨ, ਨਿਸ਼ਚੇ ਹੀ ਇਸ ਦਾ ਆਜ਼ਾਦੀ ਤੋਂ ਬਾਅਦ ਦੇ ਸਮੇਂ ਵਿੱਚ ਦਲਿਤਾਂ ਨੂੰ ਫਾਇਦਾ ਹੋਇਆ। ਦਲਿਤਾਂ ਦੇ ਵੀ ਇਕ ਹਿੱਸੇ ਨੂੰ ਪੜ੍ਹਨ ਲਿਖਣ ਦਾ ਮੌਕਾ ਮਿਲਿਆ। ਇਸ ਨਾਲ਼ ਦਲਿਤਾਂ ਵਿੱਚੋਂ ਇਕ ਛੋਟਾ ਜਿਹਾ ਮੱਧਵਰਗ, ਉੱਚ ਮੱਧਵਰਗ ਵੀ ਉੱਭਰਿਆ ਹੈ। ਹੁਣ ਇਸ ਰਿਜ਼ਰਵੇਸ਼ਨ ਦਾ ਸਾਰਾ ਫਾਇਦਾ ਇਹੋ ਮੱਧਵਰਗ, ਉੱਚ ਮੱਧਵਰਗ ਹੀ ਲੈ ਰਿਹਾ ਜੋ ਬੜੀ ਮੁਸ਼ਕਿਲ ਨਾਲ ਕੁੱਲ ਦਲਿਤ ਆਬਾਦੀ ਦਾ 10 ਫੀਸਦੀ ਹੋਵੇਗਾ।

ਅੱਜ ਦੇਸ਼ ਦੀਆਂ ਹਾਕਮ ਜਮਾਤਾਂ ਰਿਜ਼ਰਵੇਸ਼ਨ ਦੇ ਮੁੱਦੇ ਨੂੰ ਗਰੀਬਾਂ, ਬੇਰੁਜ਼ਗਾਰਾਂ ਨੂੰ ਆਪਸ ਵਿੱਚ ਵੰਡਣ, ਲੜਾਉਣ ਲਈ ਇਸਤੇਮਾਲ ਕਰਦੀਆਂ ਹਨ। ਗੈਰ ਦਲਿਤ ਜਾਤਾਂ ਦੇ ਬੇਰੁਜ਼ਗਾਰ ਆਪਣੀ ਬੇਰੁਜ਼ਗਾਰੀ ਦਾ ਮੁੱਖ ਕਾਰਨ ਰਿਜ਼ਰਵੇਸ਼ਨ ਨੂੰ ਸਮਝਦੇ ਹੋਏ, ਇਸ ਦੇ

ਵਿਰੋਧ ਵਿੱਚ ਨਿੱਤਰ ਆਉਂਦੇ ਹਨ। ਉਹ ਇਹ ਦੇਖਣ ਦਾ ਯਤਨ ਨਹੀਂ ਕਰਦੇ ਕਿ ਮੌਜੂਦਾ ਪੂੰਜੀਵਾਦੀ ਢਾਂਚੇ ਵਿੱਚ ਰੁਜ਼ਗਾਰ ਦੇ ਮੌਕੇ ਹੀ ਸੀਮਤ ਹਨ। ਕਿ ਪੂੰਜੀਵਾਦੀ ਢਾਂਚੇ ਵਿੱਚ ਬੇਰੁਜ਼ਗਾਰੀ ਇਕ ਢਾਂਚਾਗਤ ਸਮੱਸਿਆ ਹੈ, ਪੂੰਜੀਪਤੀ ਜਮਾਤ ਬੇਰੁਜ਼ਗਾਰਾਂ ਨੂੰ ਬਾਰੁਜ਼ਗਾਰਾਂ ਖਿਲਾ.ਫ ਇਕ ਰਿਜ਼ਰਵ ਫੌਜ ਵਜੋਂ ਇਸਤੇਮਾਲ ਕਰਦੀ ਹੈ। ਦੂਜੇ ਪਾਸੇ, ਦਲਿਤਵਾਦੀ ਬੁੱਧੀਜੀਵੀ ਹਨ ਜੋ ਰਿਜ਼ਰਵੇਸ਼ਨ ਨੂੰ ਦਲਿਤ ਉਦਾਰ ਦਾ ਇਕੋ ਇਕ ਰਾਹ ਸਮਝਦੇ ਹਨ। ਸਾਡੀ ਜਾਚੇ ਇਹ ਦੋਵੇਂ ਸਟੈਂਡ ਗਲਤ ਹਨ। ਰਿਜ਼ਰਵੇਸ਼ਨ ਦਾ ਪੱਖ ਵੀ ਅਤੇ ਵਿਪੱਖ ਵੀ। ਤੀਸਰਾ ਪੱਖ ਇਹ ਹੈ ਕਿ 'ਸਭ ਨੂੰ ਸਿੱਖਿਆ ਸਭ ਨੂੰ ਰੁਜ਼ਗਾਰ' ਦੇ ਨਾਹਰੇ 'ਤੇ ਲੋਕਾਂ ਨੂੰ ਇਸ ਪੂੰਜੀਵਾਦੀ ਢਾਂਚੇ ਵਿਰੁੱਧ ਲਾਮਬੰਦ ਕੀਤਾ ਜਾਵੇ।

ਕੁੱਲ ਮਿਲਾ ਕੇ ਕਹਿਣਾ ਹੋਵੇ ਤਾਂ ਅੰਬੇਡਕਰ, ਫੂਲੇ, ਪੇਰੀਆਰ ਆਦਿ ਸਮਾਜ ਸੁਧਾਰਕਾਂ ਨੇ ਜਾਤ-ਪਾਤ, ਛੂਆ-ਛੂਤ ਵਿੱਚ ਲਗਾਤਾਰ ਸੰਘਰਸ਼ ਕੀਤਾ। ਇਹਨਾਂ ਦੇ ਸੰਘਰਸ਼ਾਂ ਦੀ ਬਦੌਲਤ ਪੀੜ੍ਹੀ ਦਰ ਪੀੜ੍ਹੀ ਜਾਤ-ਪਾਤੀ ਲੁੱਟ, ਜ਼ਬਰ, ਅਪਮਾਨ ਝੱਲਦੇ ਆ ਰਹੇ ਲੋਕਾਂ 'ਚ ਆਪਣੇ ਹੱਕਾਂ ਪ੍ਰਤੀ ਨਵੀਂ ਚੇਤਨਾ ਵੀ ਆਈ। ਪਰ ਇਹ ਧਾਰਾ ਆਪਣੇ ਸਭ ਚੰਗੇ ਮਨੋਰਥਾਂ ਦੇ ਬਾਵਜੂਦ ਦਲਿਤ ਮੁਕਤੀ ਦੇ ਕਿਸੇ ਪ੍ਰੋਜੈਕਟ ਤੋਂ ਵਾਂਝੀ ਸੀ। ਅੰਬੇਡਕਰ ਬਾਰੇ ਅਲੱਗ ਤੋਂ ਗੱਲ ਕਰਨੀ ਹੋਵੇ ਤਾਂ ਉਹਨਾਂ ਦੇ ਸਮੁੱਚੇ ਦਾਰਸ਼ਨਿਕ, ਸਿਆਸੀ, ਆਰਥਿਕ, ਸਮਾਜਿਕ ਚਿੰਤਨ 'ਚੋਂ ਦਲਿਤ ਮੁਕਤੀ ਦਾ ਕੋਈ ਰਾਹ ਨਿਕਲਦਾ ਨਜ਼ਰ ਨਹੀਂ ਆਉਂਦਾ।

ਕਿਸੇ ਵੀ ਸਿਧਾਂਤ ਦੀ ਪ੍ਰਸੰਗਿਕਤਾ ਅਭਿਆਸ ਦੇ ਰਾਹ ਦਰਸਾਵੇ ਦੇ ਰੂਪ ਵਿੱਚ ਹੀ ਹੁੰਦੀ ਹੈ। ਜੋ ਸਿਧਾਂਤ ਸਾਡੇ ਅਭਿਆਸ ਦਾ ਰਾਹ ਦਰਸਾਵਾ ਨਹੀਂ ਬਣ ਸਕਦਾ ਉਹ ਸਿਧਾਂਤ ਇੱਕ ਨਿਰਜ਼ਿੰਦ ਬੋਝ ਦੀ ਤਰ੍ਹਾਂ ਹੁੰਦਾ ਹੈ।

ਜਦੋਂ ਸਾਡਾ ਸ਼ੁਰੂਆਤੀ ਨੁਕਤਾ ਉਹਨਾਂ ਕਰੋੜਾਂ ਲੋਕਾਂ ਦੀ ਮੁਕਤੀ ਹੋਵੇ ਜਿਹਨਾਂ ਨੂੰ ਆਰਥਿਕ-ਸਿਆਸੀ ਲੁੱਟ ਦਾਬੇ ਦੇ ਨਾਲ਼ ਨਾਲ਼ ਕਦਮ-ਕਦਮ 'ਤੇ ਅਖੌਤੀ ਛੋਟੀਆਂ ਜਾਤਾਂ ਨਾਲ਼ ਸਬੰਧਤ ਹੋਣ ਕਾਰਨ ਸਮਾਜਿਕ ਅਪਮਾਨ ਵੀ ਝੱਲਣਾ ਪੈਂਦਾ ਹੈ, ਤਾਂ ਸਾਨੂੰ ਹਰ ਉਸ ਸਿਧਾਂਤ ਦੀ ਬੇਲਾਗ-ਲਪੇਟ ਪੜਚੋਲ ਕਰਨੀ ਚਾਹੀਦੀ ਹੈ, ਜੋ ਵੀ ਇਹਨਾਂ ਲੁੱਟਿਆਂ ਲਤਾੜਿਆਂ ਦੀ ਮੁਕਤੀ ਦਾ ਰਾਹ ਦਰਸਾਵਾ ਹੋਣ ਦਾ ਦਾਅਵਾ ਕਰਦਾ ਹੈ। ਕਿਸੇ ਵੀ ਇਤਿਹਾਸਕ ਸ਼ਖਸੀਅਤ ਪ੍ਰਤੀ ਧਾਰਮਿਕਤਾ ਦਾ, ਸ਼ਰਧਾ ਭਾਵ ਵਾਲਾ ਰਵੱਈਆ ਆਪਣਾ ਕੇ ਦਲਿਤ ਮੁਕਤੀ ਦਿਸ਼ਾ 'ਚ ਇੱਕ ਕਦਮ ਵੀ ਨਹੀਂ ਚੁੱਕਿਆ ਜਾ ਸਕਦਾ। ਇੱਥੇ ਸਵਾਲ ਕਿਸੇ ਇਤਿਹਾਸਕ ਸ਼ਖਸੀਅਤ ਦੀ ਨੀਅਤ 'ਤੇ ਉਂਗਲੀ ਉਠਾਉਣ ਦਾ ਨਹੀਂ ਹੈ, ਸਗੋਂ ਉਸਦੇ ਵਿਚਾਰਾਂ ਦੇ ਬਾਹਰਮੁਖੀ ਵਿਸ਼ਲੇਸ਼ਣ ਦਾ ਹੈ। ਭਗਤ ਸਿੰਘ ਨੇ ਕਿਹਾ ਸੀ: "ਜਿਹੜਾ ਵੀ ਮਨੁੱਖ ਪ੍ਰਗਤੀ ਦਾ ਹਾਮੀ ਹੈ, ਉਹਨੂੰ ਸਮੁੱਚੇ ਪੁਰਾਤਨ ਵਿਸ਼ਵਾਸ ਨੂੰ ਚੈਲੰਜ ਕਰਨਾ ਪਏਗਾ। ਜੇ ਇਹ ਵਿਸ਼ਵਾਸ ਦਲੀਲ ਅੱਗੇ ਨਾ ਖੜ੍ਹ ਸਕੇ ਤਾਂ ਇਹ ਢਹਿ–ਢੇਰੀ ਹੋ ਜਾਣਗੇ। ਫਿਰ ਉਸ ਬੰਦੇ ਦਾ ਪਹਿਲਾ ਕੰਮ ਸਾਰੇ ਪੁਰਾਤਨ ਵਿਸ਼ਵਾਸ ਨੂੰ ਤਬਾਹ ਕਰਕੇ ਨਵੇਂ .ਫਲਸ.ਫੇ ਲਈ ਜ਼ਮੀਨ ਤਿਆਰ ਕਰਨੀ ਹੋਵੇਗਾ।"

ਕਿਸੇ ਵੀ ਇਤਿਹਾਸਕ ਸ਼ਖਸੀਅਤ ਅਤੇ ਲਹਿਰ ਦੇ ਸਕਾਰਾਤਮਕ ਅਤੇ

ਨਕਾਰਾਤਮਕ ਦੋਵੇਂ ਪੱਖ ਹੁੰਦੇ ਹਨ। ਕਿਸੇ ਵੀ ਸ਼ਖਸੀਅਤ ਨੂੰ ਅਲੋਚਨਾ ਤੋਂ ਉੱਪਰ ਨਹੀਂ ਸਮਝਿਆ ਜਾਣਾ ਚਾਹੀਦਾ। ਅੰਬੇਡਕਰ ਪ੍ਰਤੀ ਵੀ ਸਾਨੂੰ ਇਹੋ ਵਿਗਿਆਨਕ ਰੁਖ ਅਪਨਾਉਣਾ ਚਾਹੀਦਾ ਹੈ। ਜੇਕਰ ਅੱਜ ਅਸੀਂ ਦਲਿਤ ਮੁਕਤੀ ਦੇ ਨਵੇਂ ਪ੍ਰੋਜੈਕਟ ਦੀ ਤਿਆਰੀ ਕਰਨੀ ਹੈ ਤਾਂ ਸਾਨੂੰ ਅੰਬੇਡਕਰ ਦੇ ਵਿਚਾਰਾਂ ਅਤੇ ਵਿਵਹਾਰ ਵਿੱਚ ਜੋ ਕੁਝ ਵੀ ਗਲਤ ਹੈ, ਉਸਦੀ ਅਲੋਚਨਾ ਕਰਨੀ ਹੀ ਹੋਵੇਗੀ।

ਮਾਰਕਸਵਾਦ ਅਤੇ ਜਾਤੀ ਵਿਵਸਥਾ

ਪੇਪਰ ਦੇ ਇਸ ਭਾਗ ਵਿੱਚ ਅਸੀਂ ਸਕਾਰਾਤਮਕ ਰੂਪ ਵਿੱਚ ਆਪਣੀ ਗੱਲ ਰੱਖਾਂਗੇ ਕਿ ਮਾਰਕਸਵਾਦ ਜਾਤੀ ਵਿਵਸਥਾ ਨੂੰ ਕਿਵੇਂ ਦੇਖਦਾ ਹੈ ਜਾਂ ਜਾਤੀ ਵਿਵਸਥਾ ਦੀ ਮਾਰਕਸਵਾਦੀ ਸਮਝ ਕੀ ਹੈ? ਇਸ ਗੱਲ ਦੀ ਅਸੀਂ ਪਹਿਲਾਂ ਚਰਚਾ ਕਰ ਆਏ ਹਾਂ ਕਿ ਭਾਰਤ ਦੀ ਕਮਿਊਨਿਸਟ ਲਹਿਰ ਜਾਤੀ ਵਿਵਸਥਾ ਨੂੰ ਠੀਕ ਢੰਗ ਨਾਲ਼ ਸਮਝ ਸਕਣ ਵਿੱਚ ਨਾਕਾਮ ਰਹੀ, ਉਹ ਇਕ ਜਮਾਤੀ ਘਟਾਓਵਾਦੀ ਅਤੇ ਆਰਥਿਕ ਨਿਰਧਾਰਨਵਾਦੀ ਭਟਕਾਅ ਦੀ ਸ਼ਿਕਾਰ ਰਹੀ। ਪਰ ਇੱਥੇ ਇਹ ਵਰਣਨਯੋਗ ਹੈ ਕਿ ਭਾਰਤ ਵਿੱਚ ਜਾਤੀ ਵਿਵਸਥਾ ਨੂੰ ਵਿਗਿਆਨਕ ਢੰਗ ਨਾਲ਼ ਸਮਝਣ ਦਾ ਕੰਮ ਵੀ ਮਾਰਕਸਵਾਦੀਆਂ ਨੇ ਹੀ ਕੀਤਾ ਹੈ। ਇਹ ਕੰਮ ਆਰ. ਐੱਸ. ਸ਼ਰਮਾ, ਰੋਮਿਲਾ ਥਾਪਰ, ਡੀ. ਐੱਨ. ਝਾਅ, ਇਰਫਾਨ ਹਬੀਬ, ਡੀ. ਡੀ. ਕੋਸਾਂਬੀ ਆਦਿ ਇਤਿਹਾਸਕਾਰਾਂ ਨੇ ਕੀਤਾ। ਇਹਨਾਂ ਵਿੱਚ ਵੀ ਸਭ ਤੋਂ ਮੋਹਰੀ ਸਨ ਡੀ. ਡੀ ਕੋਸਾਂਭੀ ਅਤੇ ਆਰ. ਐੱਸ. ਸ਼ਰਮਾ। ਉਹਨਾਂ ਨੇ ਜਾਤੀ ਵਿਵਸਥਾ ਦੇ ਮੂਲ ਤੱਕ ਜਾਕੇ ਇਸ ਦਾ ਇਕ ਵਿਗਿਆਨਕ ਵਿਸ਼ਲੇਸ਼ਣ ਪੇਸ਼ ਕੀਤਾ। ਇਹਨਾਂ ਇਤਿਹਾਸਕਾਰਾਂ ਦੇ ਵਿਸ਼ਲੇਸ਼ਣ ਵਿੱਚ ਜਮਾਤੀ ਘਟਾਓਵਾਦ ਨਹੀਂ ਹੈ। ਉੱਥੇ ਇਤਿਹਾਸਕ ਭੌਤਿਕਵਾਦੀ ਨਜ਼ਰੀਏ ਤੋਂ ਇਕ ਸਮਾਜਿਕ ਵਰਤਾਰੇ ਦਾ ਵਿਸ਼ਲੇਸ਼ਣ ਹੈ। ਜਾਤ ਦੀ ਪਰਿਭਾਸ਼ਾ ਦੀ ਚਰਚਾ ਕਰਦੇ ਹੋਏ ਸੁਵੀਰਾ ਜੈਸਵਾਲ ਇਸ ਦੀਆਂ ਤਿੰਨ ਬੁਨਿਆਦੀ ਵਿਸ਼ੇਸ਼ਤਾਵਾਂ ਦੱਸਦੀ ਹੈ – ਦਰਜਾਬੰਦੀ (Hierarchy), ਵਿਰਸੇ 'ਚ ਮਿਲ਼ੀ ਕਿੱਤੇ ਦੀ ਵਿਸ਼ੇਸ਼ੱਗਤਾ (Specialisation) ਅਤੇ ਸਜਾਤੀ ਵਿਆਹ। (ਦੇਖੋ ਉਹਨਾਂ ਦੀ ਉਪਰੋਕਤ ਪੁਸਤਕ)। ਅੱਜ ਦੇ ਭਾਰਤ ਦੇ ਵਿੱਚ ਦੇਖਿਆ ਜਾਵੇ ਤਾਂ ਜਾਤੀ ਦੀ ਤੀਸਰੀ ਵਿਸ਼ੇਸ਼ਤਾ ਬਹੁਤ ਵੱਡੀ ਪੱਧਰ 'ਤੇ ਬਚੀ ਹੋਈ ਹੈ। ਸਿਰਫ਼ ਉੱਪਰਲੇ ਮੱਧ ਵਰਗ ਵਿੱਚ ਜਿੱਥੇ ਔਰਤਾਂ ਆਪਣਾ ਆਜ਼ਾਦ ਕੈਰੀਅਰ ਚੁਣ ਰਹੀਆਂ ਹਨ, ਇਹ ਵਿਸ਼ੇਸ਼ਤਾ ਇੱਕ ਹੱਦ ਤੱਕ ਟੁੱਟ ਰਹੀ ਹੈ। ਅਤੀਤ ਦੀ ਲਗਾਤਾਰਤਾ ਦੇ ਰੂਪ ਵਿੱਚ ਜਾਤੀ ਦੀ ਦੂਸਰੀ ਵਿਸ਼ੇਸ਼ਤਾ ਵੀ ਅਜੇ ਕੁਝ ਹੱਦ ਤੱਕ ਬਰਕਰਾਰ ਹੈ। ਭਾਵੇਂ ਅੱਜ ਦੇ ਭਾਰਤ ਵਿੱਚ ਕੋਈ ਅਜਿਹਾ ਸੰਵਿਧਾਨ ਕਾਨੂੰਨ ਨਹੀਂ ਹੈ ਜਿਸ ਤਹਿਤ ਕੋਈ ਖਾਸ ਕਿੱਤਾ ਕਿਸੇ ਖਾਸ ਜਾਤ ਲਈ ਰਾਖਵਾ ਹੋਵੇ। ਜਦ ਕਿ ਜਾਤ ਦੀ ਪਹਿਲੀ ਵਿਸ਼ੇਸ਼ਤਾ ਖ਼ਤਮ ਹੋ ਚੁੱਕੀ ਹੈ।

ਭਾਰਤ ਵਿੱਚ ਇਕ ਸਮੇਂ ਜੋ ਕਿਰਤ ਵੰਡ ਸੀ ਉਹ ਇਤਿਹਾਸ ਦੀਆਂ ਖਾਸ ਹਾਲਤਾਂ

ਵਿੱਚ ਜੜ੍ਹ (Rigidifiy) ਹੋ ਗਈ। ਇਹ ਖਾਸ ਇਤਿਹਾਸਕ ਹਾਲਤਾਂ ਸਨਃ ਏਸ਼ੀਆਈ ਉਤਪਾਦਨ ਪ੍ਰਣਾਲੀ ਦੀ ਮੰਥਰਤਾ ਅਤੇ ਜੜ੍ਹਤਾ, ਜਿੱਥੇ ਹਜ਼ਾਰਾਂ ਸਾਲਾਂ ਤੱਕ ਲੱਕੜੀ ਦੇ ਹਲ ਨਾਲ਼ ਖੇਤੀ ਹੁੰਦੀ ਰਹੀ। ਉਸਤੋਂ ਬਾਅਦ ਲੋਹੇ ਦਾ ਹਲ ਆਇਆ। ਲੋਹੇ ਦਾ ਹਲ ਵੀ ਲੱਕੜ ਦੇ ਹਲ ਨੂੰ ਉਤਪਾਦਨ ਦੇ ਖੇਤਰ 'ਚੋਂ ਬਾਹਰ ਨਾ ਕੱਢ ਸਕਿਆ ਅਤੇ ਜਦੋਂ ਟਰੈਕਟਰਾਂ ਅਤੇ ਕੰਬਾਈਨ ਹਾਰਵੈਸਟਰਾਂ ਦਾ ਯੁੱਗ ਆ ਗਿਆ ਹੈ ਤਦ ਵੀ ਦੇਸ਼ ਦੇ ਕਈ ਹਿੱਸਿਆ ਵਿੱਚ ਲੱਕੜ ਦਾ ਹਲ ਚੱਲ ਰਿਹਾ ਹੈ। ਏਸ਼ੀਆਈ ਉਤਪਾਦਨ ਪ੍ਰਣਾਲੀ ਦੀ ਜੜ੍ਹਤਾ ਅਤੇ ਮੰਥਰਤਾ ਕਾਰਨ ਇੱਥੇ ਜਾਤੀ ਵਿਵਸਥਾ ਕਈ ਪ੍ਰੀਵਰਤਨਾਂ 'ਚੋਂ ਲੰਘਦੀ ਹੋਈ ਹਜ਼ਾਰਾਂ ਸਾਲਾਂ ਤੋਂ ਬਰਕਰਾਰ ਰਹੀ ਹੈ ਅਤੇ ਮੋੜਵੇਂ ਰੂਪ ਵਿੱਚ ਇਸ ਨੇ ਇਸ ਜੜ੍ਹਤਾ ਅਤੇ ਮੰਥਰਤਾ ਨੂੰ ਬਣਾਈ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਬ੍ਰਾਹਮਣਵਾਦ ਨੇ ਜਾਤੀ ਵਿਵਸਥਾ ਦੇ ਨੇਮ-ਵਿਧਾਨ ਬਣਾਏ ਅਤੇ ਇਸਨੂੰ ਮਜਬੂਤੀ ਪ੍ਰਦਾਨ ਕੀਤੀ (ਇੱਥੋਂ ਤੱਕ ਕਿ ਬੁੱਧ ਧਰਮ ਨੇ ਵੀ ਜਾਤੀ ਵਿਵਸਥਾ ਨੂੰ ਮਜਬੂਤੀ ਬਣਾਉਣ ਵਿੱਚ ਇੱਕ ਹੱਦ ਤੱਕ ਭੂਮਿਕਾ ਨਿਭਾਈ)

ਸਾਡੇ ਇਥੇ ਗੁਲਾਮਦਾਰੀ ਯੁੱਗ ਤੋਂ ਚੱਲੀ ਆ ਰਹੀ ਕਿਰਤ ਵੰਡ ਕੁਝ ਬਦਲੇ ਹੋਏ ਰੂਪ ਵਿੱਚ ਜਗੀਰੂ ਯੁੱਗ ਵਿੱਚ ਬਰਕਰਾਰ ਰਹੀ ਅਤੇ ਕੁੱਝ ਹੱਦ ਤੱਕ ਅੱਜ ਦੇ ਪੂੰਜੀਵਾਦੀ ਯੁੱਗ ਵਿੱਚ ਵੀ ਬਰਕਰਾਰ ਹੈ, ਭਾਵੇਂ ਇਸ ਵਿੱਚ ਕਈ ਤਬਦੀਲੀਆਂ ਆਈਆਂ ਹਨ। ਜਦੋਂ ਦੇਸ਼ ਦਾ ਬਸਤੀਕਰਨ ਹੋਇਆ ਉਦੋਂ ਇੱਥੇ ਜਗੀਰੂ ਵਿਵਸਥਾ ਪ੍ਰਧਾਨ ਸੀ। ਬਸਤੀਵਾਦੀ ਦੌਰ ਵਿੱਚ ਜੋ ਪੂੰਜੀਵਾਦੀਕਰਨ ਅਤੇ ਸ਼ਹਿਰੀਕਰਨ ਹੋਇਆ ਉਸਨੇ ਜਗੀਰੂ ਕਿਰਤ ਵੰਡ ਨੂੰ ਇਕ ਹੱਦ ਤੱਕ ਤੋੜਿਆ। ਇਸ ਦੌਰ ਵਿੱਚ ਪਹਿਲੀ ਪੀੜ੍ਹੀ ਦੇ ਸਨਅਤੀ ਪ੍ਰੋਲੇਤਾਰੀ ਦਲਿਤਾਂ 'ਚੋਂ ਪੈਦਾ ਹੋਏ। ਗੁਲਾਮਾਂ ਦੇ ਪੂਰਵਜ਼ ਗੁਲਾਮ ਹੁੰਦੇ ਹਨ ਅਤੇ ਗੁਲਾਮ ਦੇ ਵੰਸ਼ਜ਼ ਗੁਲਾਮ। ਪੂੰਜੀਵਾਦ ਨੇ ਆਪਣੇ ਪਹਿਲੀ ਪੀੜ੍ਹੀ ਦੇ ਉਜ਼ਰਤੀ ਗੁਲਾਮ ਭੂ-ਗੁਲਾਮਾਂ ਤੋਂ ਭਰਤੀ ਕੀਤੇ। ਭਾਰਤ ਵਿੱਚ ਗਣਰਾਜਾਂ ਦੇ ਦੌਰ ਵਿੱਚ ਪੌੜੀ ਦੇ ਸਭ ਤੋਂ ਹੇਠਲੇ ਡੰਡੇ 'ਤੇ ਜੋ ਅਛੂਤ ਸਨ ਅਤੇ ਜਗੀਰੂ ਯੁੱਗ ਵਿੱਚ ਇਹ ਬਰਕਰਾਰ ਰਿਹਾ। ਇਹਨਾਂ ਵਿੱਚੋਂ ਹੀ ਭਾਰਤ ਦੇ ਪਹਿਲੀ ਪੀੜ੍ਹੀ ਦੇ ਉਜ਼ਰਤੀ ਗੁਲਾਮ ਪੈਦਾ ਹੋਏ। ਪੂੰਜੀਵਾਦੀ ਵਿਕਾਸ ਹੋਰ ਅੱਗੇ ਵਧਿਆ ਤਾਂ ਦਰਮਿਆਨੀਆਂ ਜਾਤਾਂ ਦੇ ਅਤੇ ਬਹੁਤ ਛੋਟਾ ਜਿਹਾ ਹਿੱਸਾ ਉੱਚੀਆਂ ਜਾਤਾਂ ਦੇ ਲੋਕਾਂ ਦਾ ਵੀ ਸ਼ਹਿਰੀ ਮਜ਼ਦੂਰਾਂ ਦੀਆਂ ਸਫਾਂ ਵਿੱਚ ਸ਼ਾਮਿਲ ਹੋਇਆ। ਆਜ਼ਾਦੀ ਤੋਂ ਬਾਅਦ ਇਹ ਪ੍ਰਕਿਰਿਆ ਹੋਰ ਅੱਗੇ ਵਧੀ। ਆਜ਼ਾਦੀ ਤੋਂ ਬਾਅਦ ਜਾਤ ਅਧਾਰਿਤ ਕਿਰਤ ਵੰਡ ਟੁੱਟੀ ਵੀ ਹੈ ਅਤੇ ਬਰਕਰਾਰ ਵੀ ਹੈ। ਅੱਜ ਵੀ ਦੇਖਿਆ ਜਾਵੇ ਤਾਂ ਚਮੜੇ ਦਾ ਕੰਮ, ਸਫਾਈ ਦਾ ਕੰਮ, ਮਿੱਟੀ ਦਾ ਬਰਤਨ ਬਣਾਉਣ ਦਾ ਕੰਮ, ਵਾਲ ਕੱਟਣ ਦਾ ਕੰਮ ਆਦਿ ਜ਼ਿਆਦਾਤਰ ਉਹਨਾਂ ਜਾਤਾਂ ਦੇ ਲੋਕ ਹੀ ਕਰ ਰਹੇ ਹਨ, ਜਾਤੀ ਵਿਵਸਥਾ 'ਚ ਜਿਹਨਾਂ ਦੇ ਇਹ ਕੰਮ ਸਮਝੇ ਜਾਂਦੇ ਸਨ/ਹਨ। ਪਰ ਇਹ ਕਹਿਣਾ ਗਲਤ ਹੋਵੇਗਾ ਕਿ ਦਲਿਤ ਜਾਤੀਆਂ ਦੇ ਲੋਕ ਸਿਰਫ਼ ਆਪਣੇ ਰਵਾਇਤੀ ਪੇਸ਼ਿਆਂ ਵਿੱਚ ਹੀ ਕੰਮ ਕਰ ਰਹੇ ਹਨ। ਆਜ਼ਾਦੀ ਤੋਂ ਬਾਅਦ ਹੋਏ ਪੂੰਜੀਵਾਦੀ ਵਿਕਾਸ ਕਾਰਨ ਇਥੇ ਜੋ ਨਵੇਂ-ਨਵੇਂ ਧੰਦੇ ਪਣਪੇ ਉਹਨਾਂ ਸਭਨਾਂ ਵਿੱਚ ਦਲਿਤ ਗਏ ਹਨ। ਪਰ ਅਜੇ ਵੀ ਦਲਿਤਾਂ ਦਾ ਸਭ ਤੋਂ ਵੱਡਾ ਹਿੱਸਾ ਖੇਤੀ ਵਿੱਚ ਹੀ ਲੱਗਿਆ ਹੋਇਆ ਹੈ। ਹੇਠ ਦਿੱਤੀ ਸਾਰਣੀ ਦੇਖੋ :-

ਵੱਖ ਵੱਖ ਕਿੱਤਾ ਸਮੂਹਾਂ ਦੇ ਮੁੱਖ ਕਾਮਿਆਂ ਵਿੱਚ ਦਲਿਤ ਕਾਮਿਆਂ ਦੀ ਵੰਡ

ਕਿੱਤਾ	ਦਲਿਤ		ਗੈਰ ਦਲਿਤ	
	1991	1971	1991	1971
ਕਿਸਾਨ (Cultivators)	25.44	27.87	39.74	45.11
ਖੇਤ ਮਜ਼ਦੂਰ	49.06	51.75	19.66	20.2
ਪਸ਼ੂ ਪਾਲਣ, ਜੰਗਲਾਤ, ਮੱਛੀ ਪਾਲਣ, ਸ਼ਿਕਾਰ ਅਤੇ ਪਲਾਂਟੇਸ਼ਨ, ਬਾਗਵਾਨੀ ਅਤੇ ਸਹਾਇਕ ਸਰਗਰਮੀਆਂ	1.27	2.27	2.2	2.38
ਖਨਣ	0.78	0.64	0.55	0.47
ਘਰੇਲੂ ਸਨਅਤ ਵਿੱਚ ਮੈਨੂੰਫੈਕਚਰਿੰਗ, ਪ੍ਰਾਸੈਸਿੰਗ ਸਰਵਿਸਿੰਗ ਅਤੇ ਰੀਪੇਅਰ	2.41	3.33	2.16	3.58
ਘਰੇਲੂ ਸਨਅਤ ਤੋਂ ਇਲਾਵਾ ਹੋਰਾਂ ਵਿੱਚ ਮੈਨੂੰਫੈਕਚਰਿੰਗ, ਪ੍ਰਾਸੈਸਿੰਗ, ਸਰਵਿਸਿੰਗ ਅਤੇ ਰੀਪੇਅਰ	5.13	3.56	9.03	6.96
ਉਸਾਰੀ	2.29	1.21	2.01	1.32
ਵਪਾਰ	2.95	1.33	9.39	7.00
ਟਰਾਂਸਪੋਰਟ ਸਟੋਰੇਜ ਅਤੇ ਸੰਚਾਰ	2.25	1.72	3.2	2.29
ਹੋਰ ਸੇਵਾਵਾਂ	7.79	6.43	11.65	9.88

(ਸਰੋਤ: 1991 ਦੀ ਜਨਗਣਨਾ; ਇਸ ਵਿੱਚ ਜੰਮੂ ਕਸ਼ਮੀਰ ਦੇ ਅੰਕੜੇ ਸ਼ਾਮਿਲ ਨਹੀਂ ਹਨ।)

ਸਾਰਣੀ-1 ਦਾ ਵਿਸ਼ਲੇਸ਼ਣ ਕਰੀਏ ਤਾਂ ਅਸੀਂ ਦੇਖਦੇ ਹਾਂ ਕਿ 1991 ਵਿੱਚ ਕੁੱਲ ਦਲਿਤ ਮੁੱਖ ਕਾਮਿਆਂ ਵਿੱਚ 25.44 ਫੀਸਦੀ ਕਿਸਾਨ (Cultivator) ਸਨ। ਇਹਨਾਂ ਵਿੱਚੋਂ ਅੱਗੇ ਵੱਡੀ ਗਿਣਤੀ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਸੀ। ਦੂਜੇ ਪਾਸੇ ਗੈਰ ਦਲਿਤਾਂ ਦੇ ਮਾਮਲੇ ਵਿੱਚ 1991 'ਚ ਇਹ ਪ੍ਰਤੀਸ਼ਤ 39.74 ਪ੍ਰਤੀਸ਼ਤ ਹੈ। ਇਸ ਵਿੱਚ ਧਨਾਢ ਕਿਸਾਨ ਵੀ ਸ਼ਾਮਿਲ ਹਨ। 1971 ਤੋਂ 1995 ਦਰਮਿਆਨ ਗੈਰ ਦਲਿਤ ਕਿਸਾਨਾਂ ਦੀ ਸੰਖਿਆ ਵਿੱਚ 5.37 ਫੀਸਦੀ ਕਮੀ ਆਈ ਹੈ। ਜਦ ਕਿ ਦਲਿਤਾਂ ਦੇ ਮਾਮਲੇ ਵਿੱਚ ਇਹ ਪ੍ਰਤੀਸ਼ਤ 2.43 ਹੈ। ਇਸ ਤੋਂ ਸਪਸ਼ਟ ਹੈ ਕਿ ਗੈਰ ਦਲਿਤਾਂ ਵਿੱਚ ਖੇਤੀ 'ਚੋਂ ਬਾਹਰ ਹੋਣ ਦਾ ਰੁਝਾਨ ਵਧੇਰੇ ਤੇਜ਼ ਹੈ। ਇਸਦਾ ਇਕ ਮੁੱਖ ਕਾਰਨ ਖੇਤੀ ਵਿੱਚ ਪੂੰਜੀਵਾਦੀ ਵਿਕਾਸ ਕਾਰਨ ਕਿਸਾਨੀ ਦੇ ਵਿਭੇਦੀਕਰਨ ਵਜੋਂ ਕਿਸਾਨੀ ਦੇ ਇਕ ਹਿੱਸੇ ਦਾ ਬੇਜ਼ਮੀਨੇ ਹੋਣਾ ਵੀ ਹੈ। 1991 ਤੋਂ ਬਾਅਦ ਵਿਸ਼ਵੀਕਰਨ, ਉਦਾਰੀਕਰਨ ਦੇ ਦੌਰ ਵਿਚ ਇਹ ਪ੍ਰਕਿਰਿਆ ਹੋਰ ਵੀ ਵਧੇਰੇ ਤੇਜ਼ ਹੋਈ ਹੈ। ਇਸ ਸਾਰਣੀ ਤੋਂ ਦੇਖਿਆ ਜਾ ਸਕਦਾ ਹੈ ਕਿ ਲਗਭਗ ਸਾਰੇ ਹੀ ਕਿੱਤਿਆ 'ਚ ਦਲਿਤ ਵੀ ਹਨ ਅਤੇ ਗੈਰ ਦਲਿਤ ਵੀ।

ਸਾਰਣੀ-2 ਦਰਸਾਉਂਦੀ ਹੈ ਕਿ ਆਜ਼ਾਦੀ ਤੋਂ ਬਾਅਦ ਦਲਿਤਾਂ (ਅਨੁਸੂਚਿਤ ਜਾਤੀਆਂ ਅਤੇ ਜਨ-ਜਾਤੀਆਂ) ਵਿੱਚੋਂ ਅਫ਼ਸਰਸ਼ਾਹੀ ਦੀ ਇਕ ਛੋਟੀ ਜਿਹੀ ਜਮਾਤ ਵੀ ਉੱਭਰੀ ਹੈ, ਜਿਸਦੀ ਗਰੀਬ ਦਲਿਤਾਂ ਨਾਲ਼ ਹਿੱਤਾਂ ਦੀ ਕੋਈ ਸਾਂਝ ਨਹੀਂ ਰਹੀ ਹੈ। ਦਰਜਾ-1 ਦੇ ਅਫ਼ਸਰਾਂ ਵਿੱਚ 1995 ਵਿੱਚ ਦਲਿਤ ਅਫ਼ਸਰਾਂ ਦਾ ਪ੍ਰਤੀਸ਼ਤ 13.1 ਸੀ ਅਤੇ ਦਰਜਾ-2 ਦੇ ਮਾਮਲੇ ਵਿੱਚ ਇਹ ਪ੍ਰਤੀਸ਼ਤ 15.35 ਸੀ। 1965 ਤੋਂ 1995 ਤੱਕ ਦੇ ਰੁਝਾਨ 'ਤੇ ਨਜ਼ਰ ਮਾਰੀਏ ਤਾਂ ਸਪਸ਼ਟ ਹੈ ਕਿ ਦਲਿਤ ਅਫ਼ਸਰਾਂ ਦੀ ਸੰਖਿਆ ਵਧ ਰਹੀ ਹੈ। 1995 ਤੋਂ ਬਾਅਦ ਇਸ ਵਿੱਚ ਹੋਰ ਵਾਧਾ ਹੋਇਆ ਹੋਵੇਗਾ। ਦਰਜਾ ਤਿੰਨ ਤੇ ਚਾਰ ਦੇ ਕਰਮਚਾਰੀਆਂ 'ਚ ਵੱਡੀ ਗਿਣਤੀ ਗੈਰ ਦਲਿਤਾਂ ਦੀ ਹੈ, ਜਦ ਕਿ ਸਫ਼ਾਈ ਕਰਮਚਾਰੀਆਂ ਦੇ ਮਾਮਲੇ ਵਿੱਚ ਦਲਿਤਾਂ ਅਤੇ ਗੈਰ-ਦਲਿਤਾਂ ਦੀ ਸੰਖਿਆ ਲਗਭਗ ਅੱਧੋ ਅੱਧ ਹੈ।

ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਹੋਏ ਪੂੰਜੀਵਾਦੀ ਵਿਕਾਸ ਕਾਰਨ ਇੱਥੇ ਸਨਅਤੀ ਮਜ਼ਦੂਰਾਂ ਦੀ ਇੱਕ ਵੱਡੀ ਜਮਾਤ ਪੈਦਾ ਹੋਈ ਹੈ। ਇਸ ਵਿੱਚ ਦਲਿਤ ਜਾਤਾਂ ਨਾਲ਼ ਸਬੰਧਤ ਮਜ਼ਦੂਰ ਵੀ ਹਨ, ਮੱਧ ਜਾਤੀ ਦੇ ਵੀ ਅਤੇ ਸਵਰਨ ਜਾਤਾਂ ਦੇ ਵੀ। ਪੂੰਜੀ ਨੇ ਇਹਨਾਂ ਸਭ ਜਾਤਾਂ ਦੇ ਮਜ਼ਦੂਰਾਂ ਨੂੰ ਸ਼ਹਿਰਾਂ ਦੀਆਂ ਗੰਦੀਆਂ ਬਸਤੀਆਂ ਵਿੱਚ ਲਿਆ ਸੁੱਟਿਆ ਹੈ, ਜਿਥੇ ਵੱਖ ਵੱਖ ਜਾਤਾਂ ਦੇ ਮਜ਼ਦੂਰ ਇਕੱਠੇ ਹੀ ਮਜ਼ਦੂਰ ਵਿਹੜਿਆਂ ਵਿੱਚ ਰਹਿੰਦੇ ਹਨ। ਇੱਥੇ ਪਿੰਡਾਂ ਦੀ ਤਰ੍ਹਾਂ ਛੂਆ-ਛੂਤ ਮੁਮਕਿਨ ਨਹੀਂ ਹੈ। ਬੇਸ਼ੱਕ ਇਹਨਾਂ ਮਜ਼ਦੂਰਾਂ ਵਿੱਚ ਜਾਤੀਗਤ ਸੰਸਕਾਰ ਹਨ ਪਰ ਇਹ ਸਭ ਕੁਝ ਟੁੱਟ ਰਿਹਾ ਹੈ। ਵੱਖ ਜਾਤਾਂ 'ਚੋਂ ਹੋਣ ਦੇ ਬਾਵਜੂਦ ਵੀ ਇਹਨਾਂ ਦੇ ਹਿੱਤ ਸਾਂਝੇ ਹਨ। ਇਹਨਾਂ ਦੀਆਂ ਜੀਵਨ ਸਥਿਤੀਆਂ ਇਕੋ ਜਿਹੀਆਂ ਹਨ। ਪੂੰਜੀ ਦਾ ਰੋਲਰ ਸਭ ਕੁਝ ਪੱਧਰ ਕਰੀ ਜਾ ਰਿਹਾ ਹੈ। ਪੂੰਜੀਵਾਦ ਵਿੱਚ ਇਕੋ ਵੇਲੇ ਦੋ ਪ੍ਰਕਿਰਿਆਵਾਂ ਚੱਲਦੀਆਂ ਹਨ। ਇਕ ਪਾਸੇ ਜਿੱਥੇ ਪੂੰਜੀਵਾਦ ਅਸਮਾਨਤਾ ਪੈਦਾ ਕਰਦਾ ਹੈ।

(ਸਾਰਣੀ-2)

ਕੇਂਦਰ ਸਰਕਾਰ ਵਿੱਚ ਅਨੁਸੂਚਿਤ ਜਾਤੀ/ਜਨਜਾਤੀ ਦੇ ਰੁਜ਼ਗਾਰ ਦੀ ਸਥਿਤੀ (1965 ਅਤੇ 1995 ਵਿੱਚ)

ਦਰਜਾ	ਕੁਲ ਕਰਮਚਾਰੀਆਂ ਦੀ ਸੰਖਿਆ		ਅਨੁਸੂਚਿਤ ਜਾਤੀ		ਕੁੱਲ ਦਾ ਪ੍ਰਤੀਸ਼ਤ		ਅਨੁਸੂਚਿਤ ਜਨਜਾਤੀ		ਕੁੱਲ ਦਾ ਪ੍ਰਤੀਸ਼ਤ	
	1965	1995	1965	1995	1965	1995	1965	1995	1965	1995
ਦਰਜਾ-1	19379	65408	318	6637	1.64	10.12	52	1891	0.27	2.89
ਦਰਜਾ-2	30621	108857	864	13797	2.82	12.67	103	2913	0.34	2.68
ਦਰਜਾ-3	1082287	2341863	96114	378172	8.88	16.15	12390	133179	1.14	5.69
ਦਰਜਾ-4	1132517	1041982	101073	221380	17.75	21.26	38444	67453	3.39	6.48
	ਸਫਾਈ ਕ. ਸਹਿਤ		ਸਫਾਈ ਕ. ਸਹਿਤ		ਸਫਾਈ ਕ. ਸਹਿਤ		ਸਫਾਈ ਕ. ਸਹਿਤ		ਸਫਾਈ ਕ. ਸਹਿਤ	
ਸਫਾਈ ਕਰਮਚਾਰੀ	-	177527	-	78719	-	44.34	-	12269	-	6.91
ਕੁੱਲ ਜੋੜ	2264795	3734737	298369	698705	13.17	18.71	50989	217705	2.25	5.83

(ਸਰੋਤ ਕੌਮੀ ਅਨੁਸੂਚਿਤ ਜਾਤੀ ਅਤੇ ਜਨਜਾਤੀ ਕਮਿਸ਼ਨ ਦੀ ਸਾਲਾਨਾ ਰਿਪੋਰਟ 1996-97 ਅਤੇ 1997-98 ਭਾਗ-1)

ਉੱਥੇ ਨਾਲ਼ ਦੀ ਨਾਲ਼ ਇਹ ਸਮਰੂਪੀਕਰਨ ਵੀ ਕਰਦਾ ਹੈ।

ਜਾਤ ਅਧਾਰਿਤ ਕਿਰਤ ਵੰਡ ਹੀ ਵਰਤਮਾਨ ਭਾਰਤ ਦਾ ਯਥਾਰਥ ਨਹੀਂ ਹੈ। ਅੱਜ ਦੇ ਭਾਰਤ ਦੇ ਵਸਤੂਗਤ ਯਥਾਰਥ ਤੋਂ ਪੂਰੀ ਤਰ੍ਹਾਂ ਅਣਜਾਣ ਕੋਈ ਵਿਅਕਤੀ ਹੀ ਅੱਜ ਦੇ ਭਾਰਤ ਵਿੱਚ ਇਹ ਕਹਿ ਸਕਦਾ ਹੈ ਕਿ ਇੱਥੇ ਜਾਤ ਹੀ ਜਮਾਤ ਹੈ। ਪੂੰਜੀਵਾਦੀ ਕਿਰਤ ਵੰਡ ਦੀ ਪੁਰਾਣੀ ਜਾਤ ਅਧਾਰਿਤ ਕਿਰਤ ਵੰਡ ਨਾਲ਼ ਇਕ ਥਾਂ ਵਿਰੋਧਤਾਈ ਹੈ ਅਤੇ ਇਕ ਥਾਂ ਓਵਰਲੈਪਿੰਗ ਹੈ। ਇਸ ਦੀ ਵਿਆਖਿਆ ਅਸੀਂ ਇਸ ਤਰ੍ਹਾਂ ਕਰ ਸਕਦੇ ਹਾਂ। ਜਦੋਂ ਸਿਰਫ਼ ਦਲਿਤ ਜਾਤੀਆਂ ਦੀ ਗੱਲ ਕਰੀਏ ਤਾਂ ਇਹਨਾਂ ਦੀ ਬਹੁਗਿਣਤੀ (ਲਗਭਗ 90 ਫੀਸਦੀ) ਮਜ਼ਦੂਰ ਹਨ। ਇਥੇ ਜਾਤ ਅਤੇ ਜਮਾਤ ਦੀ ਓਵਰਲੈਪਿੰਗ ਹੈ। ਪਰ ਜੇਕਰ ਅਸੀਂ ਕੁੱਲ ਮਜ਼ਦੂਰਾਂ ਦੀ ਗੱਲ ਕਰੀਏ ਤਾਂ ਬਹੁਗਿਣਤੀ ਗੈਰ ਦਲਿਤ ਮਜ਼ਦੂਰਾਂ ਦੀ ਹੈ। ਇਥੇ ਜਾਤ ਅਤੇ ਜਮਾਤ ਦੀ ਓਵਰਲੈਪਿੰਗ ਨਹੀਂ ਹੈ। ਇਥੇ ਪੂੰਜੀਵਾਦੀ ਕਿਰਤ ਵੰਡ ਜਾਤ ਅਧਾਰਿਤ ਕਿਰਤ ਵੰਡ ਦੇ ਵਿਰੋਧ ਵਿੱਚ ਹੈ।

ਇਸ ਵਰਤਾਰੇ ਦੀ ਵਿਆਖਿਆ ਕਰਨ ਲਈ ਸਾਨੂੰ ਮਾਰਕਸਵਾਦੀ ਫਲਸਫੇ ਦੇ ਪੂਰਵਜ਼ ਹੇਗੇਲ ਤੋਂ ਇਕ ਟਰਮ ਲੈਣੀ ਪਵੇਗੀ – ਉਹ ਹੈ ਸਬਲੇਸ਼ਨ (Sublation)। ਸਬਲੇਸ਼ਨ ਦਾ ਮਤਲਬ ਹੈ "ਲਾਂਭੇ ਕਰਨਾ, ਖਤਮ ਕਰਨਾ, ਪਰ ਉਸੇ ਸਮੇਂ ਕਾਇਮ ਰੱਖਣਾ, ਜੀਵਤ ਰੱਖਣਾ" (ਲੈਨਿਨ) ("To Supersede, Put an end to, but Simultaneously maintain, Preserve") ਸਾਡੇ ਇਥੇ ਪੂੰਜੀਵਾਦ ਨੇ ਜਾਤੀ ਵਿਵਸਥਾ ਦਾ ਸਬਲੇਸ਼ਨ ਕੀਤਾ ਹੈ। ਭਾਵ ਪੂੰਜੀਵਾਦ ਨੇ ਇਸ ਨੂੰ ਖਤਮ ਵੀ ਕੀਤਾ ਹੈ ਅਤੇ ਬਚਾਈ ਵੀ ਰੱਖਿਆ ਹੈ। ਭਾਰਤ ਦੇ ਨਵੇਂ ਹਾਕਮਾਂ ਨੇ ਜਾਤੀ ਵਿਵਸਥਾ ਨੂੰ ਕੋ-ਆਪਟ ਕਰ ਲਿਆ ਹੈ। ਮਾਰਕਸ, ਏਂਗਲਜ਼, ਲੈਨਿਨ, ਗ੍ਰਾਮਸ਼ੀ ਅਤੇ ਮਾਓ ਸਭ ਇਸ ਦੀ ਵੱਖ ਵੱਖ ਭਾਸ਼ਾ ਵਿੱਚ ਚਰਚਾ ਕਰਦੇ ਹਨ। ਲੈਨਿਨ ਦਾ ਕਹਿਣਾ ਹੈ ਕਿ ਹਾਕਮ ਜਮਾਤ ਆਰਥਿਕ ਪੱਧਰ 'ਤੇ ਵੀ ਅਤੇ ਕਦਰਾਂ ਕੀਮਤਾਂ ਦੇ ਪੱਧਰ 'ਤੇ ਵੀ ਪੁਰਾਣੀਆਂ ਸੰਰਚਨਾਵਾਂ ਦੀਆਂ ਜੋ ਚੀਜ਼ਾਂ ਉਸਦੇ ਕੰਮ ਆਉਂਦੀਆਂ ਹਨ ਉਹਨਾਂ ਨੂੰ ਕੋ-ਆਪਟ ਕਰ ਲੈਂਦੀ ਹੈ।

ਜਾਤੀ ਦੀ ਸਮੱਸਿਆ ਆਜ਼ਾਦ ਭਾਰਤ ਦੀ ਇੱਕ ਸੱਚਾਈ ਹੈ। ਇਸ ਦਾ ਸਬੰਧ ਉੱਚ ਉਸਾਰ ਨਾਲ ਵੀ ਹੈ ਅਤੇ ਅਧਾਰ ਨਾਲ਼ ਵੀ। ਲੋਕਾਂ ਦੀ ਮਾਨਸਿਕਤਾ ਅਤੇ ਤਰ੍ਹਾਂ ਤਰ੍ਹਾਂ ਦੀਆਂ ਸਮਾਜੀ ਸੰਸਥਾਵਾਂ 'ਚ ਜਾਤੀਗਤ ਸੰਸਕਾਰ ਨੱਥੀ ਹਨ। ਅਤੇ ਇਸ ਦਾ ਇਕ ਆਰਥਿਕ ਅਧਾਰ ਵੀ ਹੈ। ਆਰਥਿਕ ਸਬੰਧਾਂ ਵਿੱਚ ਵੀ ਪੂੰਜੀਵਾਦੀ ਕਿਰਤ ਵੰਡ ਦੀ ਜਾਤੀਗਤ ਕਿਰਤ ਵੰਡ ਨਾਲ ਕਿਤੇ ਵਿਰੋਧਤਾਈ ਹੈ ਅਤੇ ਕਿਤੇ ਓਵਰਲੈਪਿੰਗ ਹੈ। ਜਾਤੀ ਵਿਵਸਥਾ ਨੂੰ ਖਤਮ ਕਰਨ ਲਈ ਦੋਹਾਂ ਧਰਾਤਲਾਂ 'ਤੇ ਲੜਾਈ ਜ਼ਰੂਰੀ ਹੈ। ਆਰਥਿਕ ਅਧਾਰ ਭਾਵ ਵਰਤਮਾਨ ਪੂੰਜੀਵਾਦੀ ਉਤਪਾਦਨ ਸਬੰਧਾਂ ਨੂੰ ਖਤਮ ਕੀਤੇ ਬਿਨਾਂ ਜਾਤੀ ਵਿਵਸਥਾ ਖਤਮ ਨਹੀਂ ਹੋਵੇਗੀ। ਪਰ ਇਸ ਤੋਂ ਇਹ ਨਤੀਜਾ ਕੱਢਣਾ ਖਤਰਨਾਕ ਹੋਵੇਗਾ ਕਿ ਉਤਪਾਦਨ ਸਬੰਧ ਬਦਲਣ ਨਾਲ ਜਾਤੀ ਵਿਵਸਥਾ ਖੁਦ-ਬ-ਖੁਦ ਖਤਮ ਹੋ ਜਾਵੇਗੀ। ਇਸ ਲਈ ਕਮਿਊਨਿਸਟਾਂ ਨੂੰ ਸਮਾਜ ਵਿੱਚ ਲਗਾਤਾਰ ਸੱਭਿਆਚਾਰਕ ਇਨਕਲਾਬ ਚਲਾਉਣਾ ਹੋਵੇਗਾ। ਇਨਕਲਾਬ ਤੋਂ

ਪਹਿਲਾਂ ਵੀ ਅਤੇ ਬਾਅਦ ਵਿੱਚ ਵੀ।

ਮਾਰਕਸਵਾਦ ਦੀ ਦਲਿਤਵਾਦੀ ਅਲੋਚਨਾ

ਮਾਰਕਸਵਾਦ ਦੀ ਇੱਕ ਅਲੋਚਨਾ ਅੰਬੇਡਕਰ ਨੇ ਆਪਣੇ ਲੇਖ 'ਬੁੱਧ ਜਾਂ ਕਾਰਲ ਮਾਰਕਸ' ਵਿੱਚ ਕੀਤੀ ਸੀ। ਜਿਸ ਲਈ ਉਹਨਾਂ ਕਿਸੇ ਮਾਰਕਸਵਾਦੀ ਰਚਨਾ ਨੂੰ ਅਧਾਰ ਨਹੀਂ ਬਣਾਇਆ। ਉਹਨਾਂ ਸੁਣੀਆਂ ਸੁਣਾਈਆਂ ਗੱਲਾਂ ਦੇ ਅਧਾਰ 'ਤੇ ਮਾਰਕਸਵਾਦ ਦੀ ਅਲੋਚਨਾ ਕੀਤੀ ਹੈ। ਇਥੇ ਅਸੀਂ ਇਸ ਅਲੋਚਨਾ ਦੀ ਅਲੋਚਨਾ ਦੇ ਵਿਸਤਾਰ ਵਿੱਚ ਨਹੀਂ ਜਾਵਾਂਗੇ ਕਿਉਂਕਿ ਇਹ ਕੰਮ ਰੰਗਨਾਇਆਕੰਮਾ ਨੇ ਆਪਣੀ ਉਪਰੋਕਤ ਪੁਸਤਕ ਵਿੱਚ ਬਹੁਤ ਹੀ ਖ਼ੂਬਸੂਰਤ ਢੰਗ ਨਾਲ਼ ਕੀਤਾ ਹੈ। ਦਿਲਚਸਪੀ ਰੱਖਣ ਵਾਲੇ ਪਾਠਕ ਇਹ ਪੜ੍ਹ ਸਕਦੇ ਹਨ।

ਮਾਰਕਸਵਾਦ ਦੀ ਅਲੋਚਨਾ ਜਿਸ ਢੰਗ ਨਾਲ਼ ਅੰਬੇਡਕਰ ਨੇ ਕੀਤੀ ਹੈ, ਇਸ ਸਬੰਧ ਵਿਚ ਲਗਭਗ ਇਹੋ ਹਾਲ ਉੱਤਰ-ਅੰਬੇਡਕਰ ਅੰਬੇਡਕਰਵਾਦੀਆਂ, ਦਲਿਤਵਾਦੀਆਂ ਦਾ ਹੈ। ਉਹ ਬਿਨਾਂ ਕੁਝ ਪੜ੍ਹੇ ਲਿਖੇ ਹੀ ਮਾਰਕਸਵਾਦ ਵਿਰੁੱਧ ਵਰ੍ਹਦੇ ਰਹਿੰਦੇ ਹਨ। ਕੁਝ ਦਾ ਕਹਿਣਾ ਹੈ ਕਿ ਮਾਰਕਸਵਾਦ ਸਾਰੇ ਦਾਬੇ ਨੂੰ ਵਰਗ 'ਚ ਘਟਾ (Reduce) ਦਿੰਦਾ ਹੈ। (ਦੇਖੋ ਅਦਿਤਯ ਨਿਗਮ: ਦਲਿਤ ਅਲੋਚਨਾ ਦਾ ਗਿਆਨਸ਼ਾਸਤਰ)। ਦਾਰਸ਼ਨਿਕ ਸਿਧਾਂਤਕ ਬਹਿਸਾਂ ਦੇ ਅਖਾੜੇ ਵਿੱਚ ਭੁੱਲ ਕੇ ਆ ਵੜੇ ਕੁਝ ਲੋਕ ਦਾ ਕਹਿਣਾ ਹੈ ਕਿ ਮਾਰਕਸਵਾਦ ਜਾਤ, ਧਰਮ, ਕੌਮ ਦੇ ਵਖਰੇਵਿਆਂ ਨੂੰ ਤਸਲੀਮ ਨਹੀਂ ਕਰਦਾ। ਮਾਰਕਸਵਾਦ ਇਹਨਾਂ ਵਖਰੇਵਿਆਂ ਨੂੰ ਤਸਲੀਮ ਕਰਦਾ ਹੈ, ਪਰ ਨਾਲ਼ ਦੀ ਨਾਲ਼ ਇਹਨਾਂ ਦਾ ਜਮਾਤੀ ਵਿਸ਼ਲੇਸ਼ਣ ਵੀ ਕਰਦਾ ਹੈ। ਬੱਸ ਇਹੋ ਚੀਜ਼ ਹੈ ਜਿਸ ਤੋਂ ਸਭ ਤਰ੍ਹਾਂ ਦੇ ਦਲਿਤਵਾਦੀਆਂ, ਉੱਤਰ-ਆਧੁਨਿਕਤਾਵਾਦੀਆਂ, "ਮਾਰਕਸਵਾਦੀ" ਦਲਿਤਵਾਦੀਆਂ (ਮਾਰਕਸਵਾਦੀਆਂ 'ਚੋਂ ਉਹ ਵਿਅਕਤੀ/ਜਥੇਬੰਦੀਆਂ ਜੋ ਭਟਕ ਕੇ ਦਲਿਤਵਾਦੀ ਹੋ ਗਏ) ਨੂੰ ਸਭ ਤੋਂ ਵੱਧ ਤਕਲੀਫ ਹੁੰਦੀ ਹੈ। ਅੱਜ ਦਾ ਭਾਰਤੀ ਸਮਾਜ ਵੱਖ ਵੱਖ ਭਾਸ਼ਾਈ ਸਮੂਹਾਂ, ਕੌਮੀਅਤਾਂ, ਜਾਤਾਂ ਆਦਿ ਪਹਿਚਾਣਾਂ 'ਚ ਵੰਡਿਆ ਹੋਇਆ ਹੈ। ਪਰ ਇਹ ਸਭ ਪਹਿਚਾਣ ਅੱਗੇ ਜਮਾਤਾਂ 'ਚ ਵੰਡੀਆਂ ਹੋਈਆਂ ਹਨ। ਜਮਾਤੀ ਵੰਡ ਅੱਜ ਦੇ ਭਾਰਤ ਦੀ ਬੁਨਿਆਦੀ ਵੰਡ ਹੈ (ਇਥੇ ਅਸੀਂ ਸਿਰਫ਼ ਭਾਰਤ ਦੇ ਸੰਦਰਭ ਵਿੱਚ ਗੱਲ ਕਰ ਰਹੇ ਹਾਂ, ਸਿਰਫ਼ ਭਾਰਤ ਬਾਰੇ ਗੱਲ ਕਰਨ ਦਾ ਮਤਲਬ ਇਹ ਨਹੀਂ ਹੈ ਕਿ ਹੋਰਾਂ ਦੇਸ਼ਾਂ ਵਿੱਚ ਅਜਿਹਾ ਨਹੀਂ ਹੈ)। ਜਮਾਤ ਹੀ ਉਹ ਪਹਿਚਾਣ ਹੈ ਜਿਸ ਉੱਪਰ ਭਾਰਤ ਦੇ ਕਿਰਤੀ ਲੋਕਾਂ ਦੀ ਪੂੰਜੀਵਾਦੀ ਲੁੱਟ ਦਾਬੇ ਵਿੱਚ ਸਭ ਤੋਂ ਵਿਸ਼ਾਲ ਲਾਮਬੰਦੀ ਕੀਤੀ ਜਾ ਸਕਦੀ ਹੈ। ਮਾਰਕਸਵਾਦ ਦੁਆਰਾ ਜਮਾਤੀ ਵੰਡ ਦੀ ਗੱਲ ਕਰਨ 'ਤੇ ਹੀ, ਉੱਤਰ-ਆਧੁਨਿਕਤਾਵਾਦੀਆਂ, ਦਲਿਤਵਾਦੀਆਂ "ਮਾਰਕਸਵਾਦੀਆਂ" ਦਲਿਤਵਾਦੀਆਂ ਵੱਲੋਂ ਮਾਰਕਸ ਉੱਪਰ ਜਮਾਤੀ ਘਟਾਓਵਾਦ ਦਾ ਇਲਜ਼ਾਮ ਮੜ੍ਹ ਦਿੱਤਾ ਜਾਂਦਾ ਹੈ।

ਕਈ ਦਲਿਤਵਾਦੀ (ਉੱਤਰ-ਆਧੁਨਿਕਤਾਵਾਦੀ, "ਮਾਰਕਸਵਾਦੀ" ਦਲਿਤਵਾਦੀ ਵੀ) ਮਾਰਕਸਵਾਦ 'ਤੇ ਆਰਥਿਕਤਾਵਾਦ ਜਾਂ ਆਰਥਿਕ ਨਿਰਧਾਰਨਵਾਦ ਦਾ ਦੋਸ਼ ਲਾਉਂਦੇ ਹਨ। ਇਹ ਦੋਸ਼ ਵੀ ਮਾਰਕਸਵਾਦ ਪ੍ਰਤੀ ਸਿਰੇ ਦੀ ਅਨਪੜ੍ਹਤਾ ਨੂੰ ਦਰਸਾਉਂਦਾ ਹੈ। ਜਿਸ ਚੀਜ਼ ਦੇ ਖਿਲਾਫ਼ ਮਾਰਕਸ-ਏਂਗਲਜ਼, ਲੈਨਿਨ ਅਤੇ ਮਾਓ ਨੇ ਸੰਘਰਸ਼ ਕੀਤਾ, ਉਪਰੋਕਤ ਧਾਰਾਵਾਂ ਵੱਲੋਂ ਉਸੇ ਦਾ ਦੋਸ਼ ਮਾਰਕਸਵਾਦ ਉੱਪਰ ਮੜ੍ਹ ਦਿੱਤਾ ਜਾਂਦਾ ਹੈ। ਕਿਉਂਕਿ ਅੱਜ ਇਸ ਦੋਸ਼ ਨੂੰ ਬਹੁਤ ਜ਼ਿਆਦਾ ਦੋਹਰਾਇਆ ਜਾ ਰਿਹਾ, ਉਪਰੋਕਤ ਧਾਰਾਵਾਂ ਦੇ ਸਾਹਿਤ ਵਿੱਚ ਥਾਂ ਥਾਂ ਇਸ ਦੀ ਚਰਚਾ ਆਉਂਦੀ ਹੈ। ਇਸ ਲਈ ਇਸ ਸਵਾਲ 'ਤੇ ਇਹਨਾਂ ਧਾਰਾਵਾਂ ਵੱਲੋਂ ਲਾਏ ਜਾਂਦੇ ਅਰੋਪ ਦਾ ਖੰਡਣ ਜ਼ਰੂਰੀ ਹੈ। ਇਸ ਵਾਸਤੇ ਅਸੀਂ ਫ਼ਰੈਡਰਿਕ ਏਂਗਲਜ਼ ਦੇ ਕੁਝ ਹਵਾਲਿਆਂ ਰਾਹੀਂ ਮਾਰਕਸਵਾਦੀ ਨੁਕਤਾ-ਨਜ਼ਰ ਸਪਸ਼ਟ ਕਰਨ ਦੀ ਕੋਸ਼ਿਸ਼ ਕਰਾਂਗੇ।

ਏਂਗਲਜ਼ ਦੇ ਸ਼ਬਦਾਂ 'ਚ:

> "ਇਤਿਹਾਸ ਦੇ ਪਦਾਰਥਵਾਦੀ ਸੰਕਲਪ ਅਨੁਸਾਰ, ਇਤਿਹਾਸ ਵਿੱਚ **ਅੰਤਮ ਰੂਪ ਵਿੱਚ** ਨਿਰਣਾਇਕ ਤੱਤ ਅਸਲ ਜੀਵਨ ਦਾ ਉਤਪਾਦਨ ਤੇ ਪੁਨਰ-ਉਤਪਾਦਨ ਹੈ। ਨਾ ਮਾਰਕਸ ਨੇ ਅਤੇ ਨਾ ਹੀ ਮੈਂ ਇਸ ਗੱਲ ਉੱਤੇ ਕਦੇ ਇਸ ਤੋਂ ਵੱਧ ਕੁਝ ਦਾਹਵਾ ਕੀਤਾ। ਇਸ ਕਰਕੇ ਜੇ ਕੋਈ ਇਸ ਨੂੰ ਮਰੋੜ ਕੇ ਇਸ ਤਰ੍ਹਾਂ ਆਖਦਾ ਹੈ ਕਿ ਆਰਥਿਕ ਤੱਤ **ਹੀ** ਨਿਰਣਾਇਕ ਤੱਤ ਹੈ, ਤਾਂ ਉਹ ਉਸ ਪ੍ਰਸਤਾਵ ਨੂੰ ਅਰਥਹੀਣ, ਅਸਪਸ਼ਟ, ਬੇਥ੍ਹਵਾ ਵਾਕੰਸ਼ ਬਣਾ ਦੇਂਦਾ ਹੈ। ਆਰਥਿਕ ਸਥਿਤੀ ਅਧਾਰ ਹੈ, ਪਰ ਪਰਾ-ਬਣਤਰ ਦੇ ਭਿੰਨ ਭਿੰਨ ਤੱਤ - ਜਮਾਤੀ ਸੰਗਰਾਮ ਦੇ ਰਾਜਸੀ ਰੂਪ ਅਤੇ ਇਸ ਦੇ ਸਿੱਟੇ, ਜਿਵੇਂ ਕਿ ਇਕ ਸਫਲ ਲੜਾਈ ਆਦਿ ਮਗਰੋਂ ਜੇਤੂ ਜਮਾਤ ਵੱਲੋਂ ਸਥਾਪਤ ਕੀਤੇ ਸੰਵਿਧਾਨ ਆਦਿ, ਅਦਾਲਤੀ ਰੂਪ, ਅਤੇ ਖਾਸ ਕਰਕੇ ਸਭਨਾਂ ਹਿੱਸਾ ਲੈਣ ਵਾਲਿਆਂ ਦੇ ਦਿਮਾਗਾਂ ਵਿੱਚ ਇਹਨਾਂ ਸਭਨਾਂ ਅਸਲ ਸੰਗਰਾਮਾਂ ਦੇ ਅਕਸ, ਰਾਜਨੀਤਕ, ਵਿਧਾਨਕ, ਦਾਰਸ਼ਨਿਕ ਸਿਧਾਂਤ, ਧਾਰਮਿਕ ਵਿਚਾਰ ਅਤੇ ਮੱਤਾਂ ਦੇ ਪ੍ਰਬੰਧਾਂ ਵਿੱਚ ਉਹਨਾਂ ਦਾ ਹੋਰ ਅਗੋਂ ਵਿਕਾਸ - ਵੀ ਇਤਿਹਾਸਕ ਸੰਗਰਾਮ ਦੀ ਧਾਰਾ ਉੱਤੇ ਆਪਣਾ ਪ੍ਰਭਾਵ ਪਾਉਂਦੇ ਹਨ ਅਤੇ ਕਈ ਹਾਲਤਾਂ ਵਿੱਚ ਖਾਸ ਤੌਰ 'ਤੇ ਉਹਨਾਂ ਦਾ **ਰੂਪ** ਨਿਸ਼ਚਿਤ ਕਰਦੇ ਹਨ। ਇਹ ਸਾਰੇ ਤੱਤਾਂ ਦਾ ਪ੍ਰਸਪਰ ਪ੍ਰਭਾਵ ਹੁੰਦਾ ਹੈ ਜਿਨ੍ਹਾਂ ਵਿੱਚ, ਘਟਨਾਵਾਂ ਦੇ ਇਸ ਅਮੁੱਕ ਸਿਲਸਿਲੇ ਵਿੱਚ (ਅਰਥਾਤ, ਉਹਨਾਂ ਗੱਲਾਂ 'ਤੇ ਘਟਨਾਵਾਂ ਦੇ ਜਿਨ੍ਹਾਂ ਅੰਦਰਲਾ ਪ੍ਰਸਪਰ ਸਬੰਧ ਇਤਨਾ ਦੁਰੇਡਾ ਜਾਂ ਸਾਬਤ ਕਰਨਾ ਇਤਨਾ ਅਸੰਭਵ ਹੁੰਦਾ ਹੈ ਕਿ ਅਸੀਂ ਇਸ ਨੂੰ ਅਣ-ਹੋਇਆ ਸਮਝ ਸਕਦੇ ਅਤੇ ਇਸ ਨੂੰ ਅੱਖੋਂ ਪਰੋਖਾ ਕਰ ਸਕਦੇ ਹਾਂ) ਆਰਥਿਕ ਗਤੀ ਦਾ ਅਖੀਰ ਵਿੱਚ ਆਪਣੀ ਪ੍ਰਬਲਤਾ ਵਿਖਾਉਣਾ ਜ਼ਰੂਰੀ ਹੈ। ਨਹੀਂ ਤਾਂ ਇਤਿਹਾਸ ਦੇ ਕਿਸੇ ਵੀ ਦੌਰ 'ਤੇ ਸਿਧਾਂਤ ਲਾਗੂ ਕਰਨਾ ਪਹਿਲੇ ਦਰਜੇ ਦੀ ਇਕ ਸਰਲ ਸਮੀਕਰਨ ਦੇ ਹੱਲ ਨਾਲੋਂ ਵੀ ਸੌਖਾ ਹੋਵੇਗਾ।"....

"ਮਾਰਕਸ ਅਤੇ ਮੈਂ ਆਪ ਭਾਗਸਮ ਰੂਪ ਵਿੱਚ ਇਸ ਗੱਲ ਲਈ ਕਸੂਰਵਾਰ ਹਾਂ ਕਿ ਨਵੀਂ ਪੀੜ੍ਹੀ ਦੇ ਲੋਕ ਕਈ ਵਾਰ ਆਰਥਿਕ ਪੱਖ ਉੱਤੇ ਉਸ ਤੋਂ ਵਧੇਰੇ ਜ਼ੋਰ ਦੇ ਦੇਂਦੇ ਹਨ ਜਿੰਨਾ ਦੇਣਾ ਯੋਗ ਹੈ। ਸਾਨੂੰ ਆਪਣੇ ਵਿਰੋਧੀਆਂ ਦੇ ਆਹਮਣੇ-ਸਾਹਮਣੇ ਡਟ ਕੇ ਮੁੱਖ ਅਸੂਲ ਉੱਤੇ ਜ਼ੋਰ ਦੇਣਾ ਪਿਆ, ਜਿਹੜੇ ਇਸ ਤੋ ਇਨਕਾਰੀ ਸਨ, ਅਤੇ ਸਾਡੇ ਕੋਲ ਸਦਾ ਇੰਨਾ ਸਮਾਂ, ਸਥਾਨ ਅਤੇ ਮੌਕਾ ਨਹੀਂ ਸੀ ਹੁੰਦਾ ਕਿ ਅਸੀਂ ਪ੍ਰਸਪਰ ਪ੍ਰਭਾਵ ਨਾਲ ਸਬੰਧਤ ਦੂਜੇ ਅਨਸਰਾਂ ਵੱਲ ਜਚਦਾ ਬਣਦਾ ਧਿਆਨ ਦੇ ਸਕਦੇ। ਪਰ ਜਦੋਂ ਇਤਿਹਾਸ ਦੇ ਇਕ ਖੰਡ ਨੂੰ ਪੇਸ਼ ਕਰਨ ਦਾ, ਅਰਥਾਤ, ਸਿਧਾਂਤ ਨੂੰ ਅਮਲ ਵਿੱਚ ਲਾਗੂ ਕਰਨ ਦਾ ਸਵਾਲ ਆਇਆ, ਤਾਂ ਗੱਲ ਬਿਲਕੁਲ ਵੱਖਰੀ ਸੀ ਅਤੇ ਇਥੇ ਕਿਸੇ ਭੁੱਲ ਦੀ ਆਗਿਆ ਨਹੀਂ ਸੀ ਹੋ ਸਕਦੀ। ਪਰੰਤੂ, ਬਦਕਿਸਮਤੀ ਨਾਲ਼ ਇਹ ਅਕਸਰ ਹੀ ਵਾਪਰਿਆ ਹੈ ਕਿ ਲੋਕਾਂ ਨੇ ਜਿਵੇਂ ਹੀ ਉਹਨਾਂ ਇਸਦੇ ਮੁਖ ਨੇਮਾਂ ਨੂੰ ਆਪਣੇ ਅੰਦਰ ਰਚਾ ਲਿਆ ਅਤੇ ਉਹ ਵੀ ਹਮੇਸ਼ਾ ਹੀ ਸਹੀ ਰੂਪ ਵਿਚ ਨਹੀਂ; ਉਹਨਾਂ ਸਮਝਿਆ ਕਿ ਉਹਨਾਂ ਨੇ ਇਕ ਨਵੇਂ ਸਿਧਾਂਤ ਨੂੰ ਸਮਝ ਲਿਆ ਹੈ ਅਤੇ ਉਹ ਬਿਨਾਂ ਕਿਸੇ ਬਹੁਤੇ ਔਖ ਦੇ ਇਸ ਨੂੰ ਲਾਗੂ ਕਰ ਸਕਦੇ ਹਨ।ਅਤੇ ਮੈਂ ਹਾਲ ਦੇ ਸਮੇਂ ਦੇ ਬਹੁਤ ਸਾਰੇ "ਮਾਰਕਸਵਾਦੀਆਂ" ਨੂੰ ਇਸ ਉਲਾਹਮੇ ਤੋਂ ਬਰੀ ਨਹੀਂ ਕਰ ਸਕਦਾ, ਕਿਉਂਕਿ ਅਤਿਅੰਤ ਅਚੰਭਾਦਾਇਕ ਸਮਿਗਰੀ ਇਸ ਹਲਕੇ ਵਿੱਚ ਵੀ ਪੈਦਾ ਕੀਤੀ ਗਈ ਹੈ। (ਦੇਖੋ ਏਂਗਲਜ਼ ਵੱਲੋਂ ਜੋਜ਼ਫ਼ ਬਲਾਖ ਦੇ ਨਾਂ ਖ਼ਤ, 21-22 ਸਤੰਬਰ, 1890, ਸਾਹਿਤ ਅਤੇ ਕਲਾ, ਪ੍ਰਗਤੀ ਪ੍ਰਕਾਸ਼ਨ, ਮਾਸਕੋ 1980, ਪੰਨਾ 67 ਅਤੇ 71)

ਅੱਗੇ ਏਂਗਲਜ਼ ਲਿਖਦੇ ਹਨ:

"ਰਾਜਨੀਤਕ, ਅਦਾਲਤੀ, ਦਾਰਸ਼ਨਿਕ, ਧਾਰਮਿਕ, ਸਾਹਿਤਕ, ਕਲਾਤਮਕ, ਆਦਿ ਵਿਕਾਸ ਆਰਥਿਕ ਵਿਕਾਸ ਉੱਤੇ ਅਧਾਰਿਤ ਹੈ। ਪਰ ਇਹ ਸਭ ਇਕ ਦੂਜੇ ਉੱਤੇ ਅਤੇ ਆਰਥਿਕ ਅਧਾਰ ਉੱਤੇ ਵੀ ਪ੍ਰਸਪਰ ਪ੍ਰਭਾਵ ਪਾਉਂਦੇ ਹਨ। ਇਹ ਗੱਲ ਨਹੀਂ ਕਿ ਆਰਥਿਕ ਸਥਿਤੀ **ਇਕੋ ਇਕ ਸਰਗਰਮ ਕਾਰਨ** ਹੈ, ਅਤੇ ਬਾਕੀ ਹਰ ਗੱਲ ਕੇਵਲ ਇਕ ਸਿੱਥਲ ਨਤੀਜਾ ਹੈ। ਸਗੋਂ, ਆਰਥਿਕ ਲੋੜ ਦੇ ਅਧਾਰ ਉੱਤੇ ਪ੍ਰਸਪਰ ਪ੍ਰਭਾਵ ਪੈਂਦਾ ਹੈ, ਜਿਹੜੀ ਹਮੇਸ਼ਾ **ਅੰਤਮ ਰੂਪ ਵਿੱਚ** ਆਪਣਾ ਜਬ੍ਹਾ ਬਿਠਾ ਲੈਂਦੀ ਹੈ। ਮਿਸਾਲ ਲਈ, ਰਾਜ ਸਰਖਿਆਤਮਕ ਟੈਕਸਾਂ, ਸੁਤੰਤਰ ਵਪਾਰ, ਚੰਗੇ ਜਾਂ ਮਾੜੇ ਵਿੱਤ ਪ੍ਰਬੰਧ ਨਾਲ਼ ਇਕ ਪ੍ਰਭਾਵ ਪੈਦਾ ਕਰਦਾ ਹੈ; ਅਤੇ ਇਥੋਂ ਤੱਕ ਕਿ ਜਰਮਨ ਖੂਹ-ਦੇ-ਡੱਡੂ ਦੀ ਮਾਰੂ ਸਾਹ-ਸਤਹੀਣਤਾ ਅਤੇ ਲਾਚਾਰੀ ਵੀ, ਜਿਹੜੀਆਂ 1648 ਤੋਂ 1830 ਤੱਕ ਜਰਮਨੀ ਦੀ ਬਹੁਤ ਬੁਰੀ ਆਰਥਿਕ ਹਾਲਤ ਦੀ ਪੈਦਾਵਾਰ ਸਨ ਅਤੇ ਜਿਨ੍ਹਾਂ ਦਾ ਪਹਿਲਾ ਪ੍ਰਗਟਾਅ ਧਰਮੱਗਤਾਵਾਦ ਵਿੱਚ ਹੋਇਆ, ਫੇਰ ਉਪਭਾਵਕਤਾ ਵਿੱਚ ਅਤੇ ਰਜਵਾੜਿਆਂ ਤੇ ਰਾਠਾਂ ਦੀ ਹਾੜ੍ਹੇ ਕੱਢਦੀ ਦਾਸਤਾ ਵਿਚ, ਆਰਥਿਕ ਪ੍ਰਭਾਵ ਤੋਂ ਮੁਕਤ ਨਹੀਂ

ਸਨ। ਬਹਾਲੀ ਦੇ ਰਾਹ ਵਿੱਚ ਸਭ ਤੋਂ ਵੱਡੀਆਂ ਰੁਕਾਵਟਾਂ ਵਿੱਚੋਂ ਇਹ ਇਕ ਸੀ ਅਤੇ ਇਹ ਉੱਨਾ ਚਿਰ ਨਹੀਂ ਡੋਲੀ ਹਿੱਲੀ ਜਿੰਨਾ ਚਿਰ ਇਨਕਲਾਬੀ ਅਤੇ ਨੈਪੋਲੀਅਨ ਦੀਆਂ ਜੰਗਾਂ ਨੇ ਸਦੀਵੀ ਦੁੱਖ-ਦਲਿੱਦਰ ਨੂੰ ਬਹੁਤ ਤਿੱਖਾ ਨਹੀਂ ਕਰ ਦਿੱਤਾ। ਸੋ ਗੱਲ ਇਸ ਤਰ੍ਹਾਂ ਨਹੀਂ, ਜਿਵੇਂ ਕਿ ਕਦੇ ਕਦੇ ਲੋਕ ਆਸਾਨੀ ਨਾਲ਼ ਕਲਪਨਾ ਕਰਨ ਦੀ ਕੋਸ਼ਿਸ਼ ਕਰਦੇ ਹਨ, ਕਿ ਆਰਥਿਕ ਸਥਿਤੀ ਆਪਣੇ ਆਪ ਹੀ ਨਤੀਜਾ ਪੈਦਾ ਕਰ ਦਿੰਦੀ ਹੈ। ਨਹੀਂ। ਮਨੁੱਖ ਆਪਣਾ ਇਤਿਹਾਸ ਆਪ ਬਣਾਉਂਦੇ ਹਨ, ਸਿਰਫ਼ ਉਹ ਇੰਝ ਇਕ ਨਿਸ਼ਚਿਤ ਵਾਤਾਵਰਣ ਵਿੱਚ, ਜਿਹੜਾ ਉਹਨਾਂ ਨੂੰ ਬਣਾਉਂਦਾ ਢਾਲਦਾ ਹੈ, ਅਤੇ ਪਹਿਲਾਂ ਤੋਂ ਮੌਜੂਦ ਵਾਸਤਵਿਕ ਸਬੰਧਾਂ ਦੇ ਅਧਾਰ 'ਤੇ ਕਰਦੇ ਹਨ ਜਿਨ੍ਹਾਂ ਵਿੱਚ ਆਰਥਿਕ ਸਬੰਧ, ਭਾਵੇਂ ਦੂਜਿਆਂ ਦਾ — ਰਾਜਨੀਤਕ ਅਤੇ ਵਿਚਾਰਧਾਰਕ ਸਬੰਧਾਂ ਦਾ — ਉਹਨਾਂ ਉੱਤੇ ਕਿੰਨਾ ਵੀ ਪ੍ਰਭਾਵ ਹੋਵੇ, ਫਿਰ ਵੀ ਅੰਤਮ ਰੂਪ ਵਿੱਚ ਨਿਰਣਾਇਕ ਸਬੰਧ ਹੁੰਦੇ ਹਨ, ਮੁੱਖ ਸੁਰ ਬਣਦੇ ਹਨ ਜਿਹੜੀ ਹਰ ਗੱਲ ਵਿੱਚੋਂ ਗੁਜ਼ਰਦੀ ਹੈ ਅਤੇ ਇਕੱਲੀ ਉਹ ਹੀ ਸਮਝ-ਬੂਝ ਤੱਕ ਲਿਜਾਂਦੀ ਹੈ। (ਏਂਗਲਜ਼ ਵੱਲੋਂ, ਵ. ਬੋਰਗੀਸ ਦੇ ਨਾਂ ਖ਼ਤ, 25 ਜਨਵਰੀ, 1894 ਉਪਰੋਕਤ ਪੰਨਾ - 68)

ਏਂਗਲਜ਼ ਇਕ ਹੋਰ ਥਾਵੇਂ ਲਿਖਦੇ ਹਨ:

"ਜਿੱਥੋਂ ਤੱਕ ਵਿਚਾਰਧਾਰਾ ਦੇ ਉਹਨਾਂ ਮੰਡਲਾਂ ਦਾ ਸਬੰਧ ਹੈ ਜਿਹੜੇ ਅਜੇ ਤੱਕ ਹਵਾ ਵਿਚ ਉਚੇਰੇ ਉਡ ਰਹੇ ਹਨ - ਧਰਮ, ਦਰਸ਼ਨ ਆਦਿ - ਇਹਨਾਂ ਕੋਲ ਇਕ ਪੂਰਵ-ਇਤਿਹਾਸਕ ਖਜ਼ਾਨਾ ਹੈ, ਜੋ ਪਹਿਲਾਂ ਤੋਂ ਹੀ ਵਿਦਮਾਨ ਪ੍ਰਾਪਤ ਹੋਇਆ ਅਤੇ ਜਿਸ ਨੂੰ ਇਤਿਹਾਸਕ ਦੌਰ ਨੇ ਸੰਭਾਲ ਲਿਆ, ਜਿਸ ਨੂੰ ਅੱਜ ਸਾਨੂੰ ਊਟ ਪਟਾਂਗ ਆਖਣਾ ਚਾਹੀਦਾ ਹੈ। ਕੁਦਰਤ ਸਬੰਧੀ, ਮਨੁੱਖ ਦੀ ਆਪਣੀ ਹੋਂਦ ਸਬੰਧੀ, ਰੂਹਾਂ, ਜਾਦੂਈ ਸ਼ਕਤੀਆਂ, ਆਦਿ ਸਬੰਧੀ ਇਹਨਾਂ ਭਿੰਨ ਭਿੰਨ ਗਲਤ ਸੰਕਲਪਾਂ ਦੇ ਬਹੁਤੇ ਹਿੱਸੇ ਦਾ ਅਧਾਰ ਕੇਵਲ ਇਕ ਨਕਾਰਾਤਮਕ ਆਰਥਿਕ ਅਨਸਰ ਹੈ; ਕੁਦਰਤ ਸਬੰਧੀ ਗਲਤ ਸੰਕਲਪ ਪੂਰਵ-ਇਤਿਹਾਸਕ ਦੌਰ ਦੇ ਨੀਵੇਂ ਆਰਥਿਕ ਵਿਕਾਸ ਦੇ ਪੂਰਕ ਹਨ ਅਤੇ ਭਾਗਸਮ ਰੂਪ ਵਿੱਚ ਉਸ ਨੂੰ ਨਿਰੂਪਤ ਕਰਨ ਵਾਲੇ ਅਤੇ ਸਗੋਂ ਉਸ ਦਾ ਕਾਰਨ ਵੀ ਹਨ। ਅਤੇ ਇਥੋਂ ਤੱਕ ਕਿ ਭਾਵੇਂ ਆਰਥਿਕ ਲੋੜ ਕੁਦਰਤ ਸਬੰਧੀ ਗਿਆਨ ਵਿੱਚ ਵਾਧਾ ਕਰਨ ਦੀ ਮੁੱਖ ਪ੍ਰੇਰਕ ਸ਼ਕਤੀ ਸੀ ਅਤੇ ਦਿਨੋ ਦਿਨ ਵਧੇਰੇ ਅਜਿਹੀ ਬਣਦੀ ਗਈ ਹੈ, ਤਾਂ ਵੀ ਇਸ ਸਾਰੀ ਆਦਿ-ਕਾਲੀਨ ਊਟ ਪਟਾਂਗ ਲਈ ਆਰਥਿਕ ਕਾਰਨ ਲੱਭਣਾ ਤੇ ਇਹ ਕੋਸ਼ਿਸ਼ ਕਰਨਾ ਪੰਡਤਾਊਪੁਣਾ ਹੋਵੇਗਾ। ਵਿਗਿਆਨ ਦਾ ਇਤਿਹਾਸ ਇਸ ਊਟ ਪਟਾਂਗ ਨੂੰ ਹੌਲੀ ਹੌਲੀ ਸਾਫ਼ ਕਰਦੇ ਜਾਣ ਦਾ ਜਾਂ ਸਗੋਂ ਸੱਜਰੀ ਪਰ ਘਟ ਬੇਥਵੀ ਊਟ ਪਟਾਂਗ ਨਾਲ਼ ਇਸ ਦੀ ਸਥਾਨ ਬਦਲੀ ਕਰਨ ਦਾ ਇਤਿਹਾਸ ਹੈ। ਇਸ ਪਾਸੇ ਲੱਗੇ ਹੋਏ ਲੋਕ ਆਪਣੀ ਵਾਰੀ ਕਿਰਤ ਦੀ ਵੰਡ ਵਿੱਚ ਵਿਸ਼ੇਸ਼ ਖੇਤਰਾਂ ਨਾਲ਼

ਸਬੰਧਤ ਹੁੰਦੇ ਹਨ ਅਤੇ ਉਹ ਸਮਝਦੇ ਹਨ ਕਿ ਉਹ ਸੁਆਧੀਨ ਖੇਤਰ ਵਿੱਚ ਕੰਮ ਕਰ ਰਹੇ ਹਨ। ਅਤੇ ਜਿਸ ਹੱਦ ਤੱਕ ਉਹ ਕਿਰਤ ਦੀ ਸਮਾਜਿਕ ਵੰਡ ਦੇ ਅੰਦਰ ਇਕ ਸੁਆਧੀਨ ਦਲ ਦਾ ਰੂਪ ਬਣਦੇ ਹਨ ਉਸੇ ਹੱਦ ਤੱਕ ਉਹਨਾਂ ਦਾ ਉਤਪਾਦਨ, ਉਹਨਾਂ ਦੀਆਂ ਗਲਤੀਆਂ ਸਮੇਤ, ਮੁੜਦੀ ਪੈਰੀਂ, ਸਮਾਜ ਦੇ ਸਮੁੱਚੇ ਵਿਕਾਸ ਉੱਤੇ, ਅਤੇ ਇਥੋਂ ਤੱਕ ਕਿ ਇਸ ਦੇ ਆਰਥਿਕ ਵਿਕਾਸ ਉੱਤੇ ਵੀ, ਅਸਰ ਪਾਉਂਦਾ ਹੈ। ਪਰ ਫਿਰ ਵੀ ਆਪਣੀ ਵਾਰੀ ਉਹ ਖੁਦ ਆਰਥਿਕ ਵਿਕਾਸ ਦੇ ਪ੍ਰਬਲ ਪ੍ਰਭਾਵ ਅਧੀਨ ਹੁੰਦੇ ਹਨ। ਦਰਸ਼ਨ ਦੇ ਖੇਤਰ ਵਿੱਚ, ਮਿਸਾਲ ਲਈ, ਇਹ ਗੱਲ ਬੁਰਜੂਆ ਦੌਰ ਲਈ ਅਤਿਅੰਤ ਸੌਖ ਨਾਲ਼ ਸਿੱਧ ਹੋ ਸਕਦੀ ਹੈ। ਹਾਬਸ ਪਹਿਲਾ ਆਧੁਨਿਕ ਪਦਾਰਥਵਾਦੀ ਸੀ (ਅਠਾਰ੍ਹਵੀਂ ਸਦੀ ਦੇ ਅਰਥਾਂ ਵਿੱਚ),ਪਰ ਉਹ ਉਸ ਵੇਲੇ ਇਕ ਨਿਰੰਕੁਸ਼ਵਾਦੀ ਸੀ ਜਦੋਂ ਯੂਰਪ ਭਰ ਵਿੱਚ ਨਿਰੰਕੁਸ਼ ਰਾਜਤੰਤਰ ਆਪਣੇ ਜੋਬਨ ਉੱਤੇ ਸੀ ਅਤੇ ਇੰਗਲੈਂਡ ਵਿੱਚ ਇਸ ਨੇ ਲੋਕਾਂ ਵਿਰੁੱਧ ਲੜਾਈ ਸ਼ੁਰੂ ਕਰ ਦਿੱਤੀ ਸੀ। ਧਰਮ ਵਿੱਚ ਅਤੇ ਰਾਜਨੀਤੀ ਵਿੱਚ ਲਾਕ 1688 ਦੇ ਜਮਾਤੀ ਸਮਝੌਤੇ ਦਾ ਬੱਚਾ ਸੀ। ਅੰਗਰੇਜ਼ ਈਸ਼ਵਾਦੀ (deists) ਅਤੇ ਉਹਨਾਂ ਦੇ ਵਧੇਰੇ ਅਡੋਲ ਚੇਲੇ, ਫ਼ਰਾਂਸੀਸੀ ਪਦਾਰਥਵਾਦੀ, ਬੁਰਜੂਆਜ਼ੀ ਦੇ ਸੱਚੇ ਦਰਸ਼ਨ-ਵੇਤਾ ਸਨ, ਇਥੋਂ ਤੱਕ ਕਿ ਫ਼ਰਾਂਸੀਸੀ ਬੁਰਜੂਆ ਇਨਕਲਾਬ ਦੇ ਦਰਸ਼ਨ-ਵੇਤਾ। ਜਰਮਨ ਖ਼ੂਹ-ਦਾ-ਡੱਡੂਪੁਣਾ ਕਾਂਟ ਤੋਂ ਲੈਕੇ ਹੀਗਲ ਤੱਕ, ਕਦੇ ਸਾਕਾਰਾਤਮਕ ਢੰਗ ਨਾਲ਼ ਕਦੇ ਨਕਾਰਾਤਮਕ ਢੰਗ ਨਾਲ਼, ਜਰਮਨ ਦਰਸ਼ਨ ਵਿਚ ਰੂਪਮਾਨ ਹੈ। ਪਰ ਕਿਰਤ ਦੀ ਵੰਡ ਦੇ ਵੱਖਰੇ ਖੇਤਰ ਵਜੋਂ ਸਵੀਕਾਰ ਕਰਦਿਆਂ ਹਰ ਜੁੱਗ ਦੇ ਦਰਸ਼ਨ ਦੀ ਮੁਢਲੀ ਸ਼ਰਤ ਇਕ ਨਿਸ਼ਚਿਤ ਚਿੰਤਨ ਸਮਿਗਰੀ ਹੈ ਜਿਹੜੀ ਇਸ ਨੂੰ ਆਪਣੇ ਪੂਰਵ-ਅਧਿਕਾਰੀਆਂ ਤੋਂ ਮਿਲਦੀ ਹੈ, ਅਤੇ ਜੋ ਇਸ ਦਾ ਆਦਿ-ਬਿੰਦੂ ਵੀ ਹੈ। ਅਤੇ ਇਹੀ ਕਾਰਨ ਹੈ ਕਿ ਆਰਥਿਕ ਤੌਰ 'ਤੇ ਪਛੜੇ ਹੋਏ ਦੇਸ਼ ਹਾਲੇ ਵੀ ਦਰਸ਼ਨ ਦੇ ਖੇਤਰ ਵਿੱਚ ਮੋਹਰੀ ਰੋਲ ਅਦਾ ਕਰ ਸਕਦੇ ਹਨः ਇੰਗਲੈਂਡ, ਜਿਸ ਦੇ ਦਰਸ਼ਨ ਉੱਤੇ ਫ਼ਰਾਂਸੀਸੀਆਂ ਨੇ ਆਪਣੇ ਆਪ ਨੂੰ ਆਧਾਰਿਤ ਕੀਤਾ, ਦੀ ਤੁਲਨਾ ਵਿੱਚ ਅਠਾਰ੍ਹਵੀ ਸਦੀ ਵਿੱਚ ਫ਼ਰਾਂਸ, ਅਤੇ ਮਗਰੋਂ ਦੋਵਾਂ ਦੀ ਤੁਲਨਾ ਵਿੱਚ ਜਰਮਨੀ। ਪਰ ਫ਼ਰਾਂਸ ਵਿੱਚ ਅਤੇ ਜਰਮਨੀ ਵਿੱਚ ਦੋਵੀਂ ਥਾਈਂ ਉਸ ਵੇਲੇ ਦਰਸ਼ਨ ਅਤੇ ਸਾਹਿਤ ਦਾ ਆਮ ਖੇੜਾ ਆਰਥਿਕ ਪੁਨਰ-ਸੁਰਜੀਤੀ ਦਾ ਸਿੱਟਾ ਵੀ ਸੀ। ਇਹਨਾਂ ਖੇਤਰਾਂ ਵਿਚ ਵੀ ਆਰਥਿਕ ਵਿਕਾਸ ਦੀ ਪਰਮ ਸਰਦਾਰੀ ਮੇਰੇ ਲਈ ਇਕ ਸਥਾਪਤ ਤੱਥ ਹੈ, ਪਰ ਇਹ ਖੁਦ ਉਸ ਵਿਸ਼ੇਸ਼ ਖੇਤਰ ਵੱਲੋਂ ਮਿਥੀਆਂ ਸ਼ਰਤਾਂ ਦੇ ਅੰਦਰ ਰਹਿ ਕੇ ਹੀ ਆਪਣਾ ਕੰਮ ਕਰਦੀ ਹੈः ਮਿਸਾਲ ਲਈ, ਦਰਸ਼ਨ ਵਿੱਚ ਮੌਜੂਦ ਦਾਰਸ਼ਨਿਕ ਸਮਿਗਰੀ ਜਿਹੜੀ ਪੂਰਵ-ਅਧਿਕਾਰੀਆਂ ਤੋਂ ਪ੍ਰਾਪਤ ਹੋਈ ਹੈ ਉਤੇ ਆਰਥਿਕ ਪ੍ਰਭਾਵਾਂ ਦੇ ਕਰਮ ਦੁਆਰਾ (ਜਿਹੜੇ ਮੁੜਦੀ ਪੈਰੀਂ ਆਮ ਕਰਕੇ, ਕੇਵਲ ਆਪਣੀ ਰਾਜਨੀਤਕ, ਆਦਿ, ਬਣਤਰ ਵਿੱਚ ਕਾਰਜ ਕਰਦੇ ਹਨ)। ਇਥੇ ਆਰਥਿਕਤਾ

ਕਿਸੇ ਚੀਜ਼ ਦੀ ਨਵੇਂ ਸਿਰੇ ਤੋਂ ਸਿਰਜਣਾ ਨਹੀਂ ਕਰਦੀ, ਸਗੋਂ ਉਹ ਵਿਧੀ ਨਿਸ਼ਚਿਤ ਕਰਦੀ ਹੈ ਜਿਸ ਨਾਲ਼ ਮੌਜੂਦ ਚਿੰਤਨ ਸਮਿਗਰੀ ਬਦਲੀ ਜਾਂਦੀ ਤੇ ਅਗੋਂ ਵਿਕਸਤ ਕੀਤੀ ਜਾਂਦੀ ਹੈ, ਅਤੇ ਉਹ ਵੀ ਬਹੁਤ ਸਾਰਾ ਪਰੋਖ ਰੂਪ ਵਿੱਚ, ਕਿਉਂਕਿ ਇਹ ਰਾਜਨੀਤਕ, ਵਿਧਾਨਕ ਅਤੇ ਸਦਾਚਾਰਕ ਵਿਚਾਰ-ਪਰਤੌਂ ਹਨ ਜਿਹੜੇ ਦਰਸ਼ਨ ਉੱਤੇ ਸਭ ਤੋਂ ਬਹੁਤਾ ਪ੍ਰਤੱਖ ਪ੍ਰਭਾਵ ਪਾਉਂਦੇ ਹਨ। (ਏਂਗਲਜ਼ ਵੱਲੋਂ ਕੋਨਾਰਡ ਸ਼ਮਿਡਟ ਦੇ ਨਾਂ ਖ਼ਤ, 27 ਅਕਤੂਬਰ, 1890 ਉਪਰੋਕਤ ਪੰਨਾ-69-70)

ਆਓ ਹੁਣ ਦਲਿਤਵਾਦੀਆਂ ਦੁਆਰਾ ਮਾਰਕਸਵਾਦ ਦੀ ਇਕ ਹੋਰ ਅਲੋਚਨਾ ਵੇਖੀਏ। ਕੁਝ ਦਲਿਤਵਾਦੀਆਂ ਦਾ ਕਹਿਣਾ ਹੈ ਕਿ ਮਾਰਕਸਵਾਦ ਜਮਾਤ ਦੇ ਸੰਕਲਪ ਨੂੰ ਮੁੱਖ ਰੱਖ ਕੇ ਚੱਲਦਾ, ਪਰ ਭਾਰਤੀ ਸਮਾਜ ਜਮਾਤਾਂ 'ਚ ਨਹੀਂ ਸਗੋਂ ਜਾਤਾਂ 'ਚ ਵੰਡਿਆ ਹੋਇਆ ਹੈ। ਇਸ ਲਈ ਮਾਰਕਸਵਾਦ ਇਥੇ ਲਾਗੂ ਨਹੀਂ ਹੁੰਦਾ। ਉਹ ਇਸ ਸਬੰਧੀ ਅਕਸਰ ਅੰਬੇਡਕਰ ਦਾ ਇਹ ਕਥਨ ਦੁਹਰਾਉਂਦੇ ਰਹਿੰਦੇ ਹਨ ਕਿ 'ਜਾਤੀ ਪ੍ਰਥਾ ਮਹਿਜ ਕਿਰਤ ਦੀ ਨਹੀਂ, ਕਿਰਤੀਆਂ ਦੀ ਵੀ ਵੰਡ ਹੈ' ਅੰਬੇਡਕਰ ਦਾ ਕਹਿਣਾ ਹੈ:

"ਜਾਤੀ ਪ੍ਰਥਾ ਮਹਿਜ ਕਿਰਤ ਵੰਡ ਨਹੀਂ ਹੈ। ਇਹ ਕਿਰਤੀਆਂ ਦੀ ਵੀ ਵੰਡ ਹੈ। ਸੱਭਿਅਕ ਸਮਾਜ ਨੂੰ ਨਿਰਸੰਦੇਹ ਕਿਰਤ ਵੰਡ ਦੀ ਜ਼ਰੂਰਤ ਹੁੰਦੀ ਹੈ। ਪਰ ਕਿਸੇ ਵੀ ਸੱਭਿਅਕ ਸਮਾਜ ਵਿੱਚ ਅਜਿਹੀ ਕਿਰਤ ਵੰਡ ਨਹੀਂ ਹੈ ਜੋ ਕਿਰਤੀਆਂ ਦੇ ਇਸ ਅਸੁਭਾਵਿਕ, ਅਲੱਗ-ਅਲੱਗ ਸਮੂਹਾਂ 'ਚ ਵੰਡੀ ਹੋਵੇ। ਜਾਤੀ ਪ੍ਰਥਾ ਸਿਰਫ਼ ਕਿਰਤੀਆਂ ਦੀ ਵੰਡ ਨਹੀਂ ਹੈ, ਜੋ ਕਿ ਕਿਰਤ ਵੰਡ ਤੋਂ ਵੱਖਰੀ ਹੁੰਦੀ ਹੈ, ਇਹ ਇਕ ਪੌੜੀ ਨੁਮਾ ਕ੍ਰਮ ਹੈ, ਜਿਸ ਵਿੱਚ ਕਿਰਤੀਆਂ ਦੀ ਵੰਡ ਇਕ ਦੂਜੇ ਉੱਪਰ ਸ਼੍ਰੇਣੀਬੱਧ ਹੁੰਦੀ ਹੈ। ਦੂਜੇ ਕਿਸੇ ਮੁਲਕ ਵਿੱਚ ਕਿਰਤ ਵੰਡ ਵਿੱਚ ਕਿਰਤੀਅ ਦੀ ਇਸ ਤਰ੍ਹਾਂ ਦੀ ਸ਼੍ਰੇਣੀਬੱਧਤਾ ਨਹੀਂ ਹੁੰਦੀ।" (ਅੰਬੇਡਕਰ ਭਾਗ-1, ਪੰਨਾ-47)

ਪਹਿਲੀ ਗੱਲ ਤਾਂ ਇਥੇ ਅੰਬੇਡਕਰ ਕੋਈ ਨਵੀਂ ਤੇ ਮੌਲਿਕ ਗੱਲ ਨਹੀਂ ਕਰ ਰਹੇ। ਦੂਜਾ ਇਹ ਕਿ ਉਹ ਗਲਤ ਗੱਲ ਵੀ ਕਰ ਰਹੇ ਹਨ। ਪਹਿਲੀ ਗੱਲ ਤਾਂ ਇਹ ਕਿ ਹਰ ਕਿਰਤ ਵੰਡ ਲਾਜ਼ਮੀ ਹੀ ਕਿਰਤੀਆਂ ਦੀ ਵੰਡ ਹੁੰਦੀ ਹੈ। ਮਜ਼ਦੂਰਾਂ ਵਿੱਚ ਮਾਨਸਿਕ ਅਤੇ ਸਰੀਰਕ ਕਿਰਤ ਨੂੰ ਲੈਕੇ ਵੰਡ ਹੁੰਦੀ ਹੈ, ਉਹਨਾਂ ਵਿੱਚ ਕੰਮ ਦੀ ਥਾਂ ਨੂੰ ਲੈਕੇ ਵੰਡ ਹੁੰਦੀ ਹੈ, ਮਜ਼ਦੂਰਾਂ 'ਚ ਕੁਸ਼ਲਤਾ ਅਕੁਸ਼ਲਤਾ ਦੀ ਵੰਡ ਹੁੰਦੀ ਹੈ, ਉਹਨਾਂ 'ਚ ਸੈਕਟਰ ਦੀ (Sectoral) ਵੰਡ ਹੁੰਦੀ ਹੈ, ਉਹਨਾਂ 'ਚ ਉਪ ਸੈਕਟਰ ਦੀ (Sub-Sectoral) ਵੰਡ ਹੁੰਦੀ ਹੈ। ਅੰਬੇਡਕਰ ਦਾ ਇਹ ਕਹਿਣਾ ਗਲਤ ਹੈ ਕਿ ਹੋਰਾਂ ਦੇਸ਼ਾਂ 'ਚ ਕਿਰਤ ਵੰਡ ਵਿੱਚ ਕਿਰਤੀਆਂ ਦੀ ਸ਼੍ਰੇਣੀਬੱਧਤਾ ਨਹੀਂ ਹੁੰਦੀ। ਸਭ ਪੂੰਜੀਵਾਦੀ ਮੁਲਕਾਂ 'ਚ ਇਵੇਂ ਹੀ ਹੈ। ਅਤੇ ਜਿਵੇਂ ਜਿਵੇਂ ਪੂੰਜੀਵਾਦ ਦੀ ਉਮਰ ਲੰਬੀ ਹੋ ਰਹੀ ਹੈ, ਇਹ ਕਿਰਤੀਆਂ ਨੂੰ ਹੋਰ ਵਧੇਰੇ ਵੰਡ ਰਿਹਾ ਹੈ। ਭਾਰਤ ਵਿੱਚ ਕਿਰਤੀਆਂ ਦੀ ਕਿਰਤ ਅਧਾਰਿਤ ਵੰਡ ਨਾਲ਼ ਜਾਤ ਦਾ ਫੈਕਟਰ ਵੀ ਜੁੜ ਜਾਂਦਾ ਹੈ।

ਭਾਰਤ ਦੇ ਲੋਕਾਂ ਦੀ ਜਾਤ ਅਧਾਰਿਤ ਵੰਡ ਅੱਜ ਦੇ ਭਾਰਤ ਦੀ ਸੱਚਾਈ ਹੈ। ਪਰ

ਦਲਿਤ ਜਾਤਾਂ ਦੇ ਲੋਕਾਂ ਨੂੰ ਜਾਤ ਦੇ ਅਧਾਰ ’ਤੇ ਜਥੇਬੰਦ ਕਰਨਾ ਨਾ ਮੁਮਕਿਨ ਹੈ। ਇਸ ਦੀ ਇਕ ਵਜ੍ਹਾ ਤਾਂ ਇਹ ਹੈ ਕਿ ਦਲਿਤ ਵੀ ਅੱਗੇ ਵੱਖ ਵੱਖ ਜਾਤਾਂ ਵਿੱਚ ਵੰਡੇ ਹੋਏ ਹਨ, ਜੋ ਇਕ ਦੂਜੇ ਨੂੰ ਓਨੀ ਹੀ ਨਫ਼ਰਤ ਕਰਦੇ ਹਨ ਜਿੰਨੀ ਕਿ ਸਵਰਨ ਅਤੇ ਦਰਮਿਆਨੀਆਂ ਜਾਤਾਂ ਦੇ ਲੋਕ ਦਲਿਤਾਂ ਨੂੰ ਕਰਦੇ ਹਨ। ਦੂਜਾ ਕਾਰਨ ਇਹ ਹੈ ਕਿ ਦਲਿਤ ਜਾਤੀਆਂ ਵਿੱਚ ਵੀ ਉੱਚ ਮੱਧਵਰਗ ਅਤੇ ਇਕ ਛੋਟਾ ਜਿਹਾ ਪੂੰਜੀਪਤੀ ਵਰਗ ਵੀ ਉੱਭਰਿਆ ਹੈ। ਜਿਸਦੇ ਹਿੱਤ ਦਲਿਤ ਮਜ਼ਦੂਰਾਂ ਨਾਲ਼ ਟਕਰਾਵੇਂ ਹਨ ਜੋ ਕਿ ਦਲਿਤਾਂ ਦੀ ਵੱਡੀ ਬਹੁਗਿਣਤੀ ਹਨ। ਇਸ ਲਈ ਦੁਸ਼ਮਣਾਨਾਂ ਹਿੱਤਾਂ ਵਾਲੇ ਸਮੂਹਾਂ ਨੂੰ ਇਕ ਥਾਵੇਂ ਜਥੇਬੰਦ ਨਹੀਂ ਕੀਤਾ ਜਾ ਸਕਦਾ। ਜਾਤ ਦੇ ਅਧਾਰ ’ਤੇ ਲੋਕਾਂ ਨੂੰ ਜਥੇਬੰਦ ਕਰਨ ਦੀ ਕੋਸ਼ਿਸ਼ ਕਰਨਾ, ਅਸਲ ਵਿੱਚ ਜਾਤ ਨੂੰ ਖਤਮ ਕਰਨ ਵਿੱਚ ਨਹੀਂ ਸਗੋਂ ਇਸ ਨੂੰ ਬਚਾਈ ਰੱਖਣ ਵਿੱਚ ਸਹਾਈ ਹੋਵੇਗਾ। ਇਹ ਕਿਰਤੀਆਂ ਨੂੰ ਆਪਸ ਵਿੱਚ ਪਾੜਨਾ ਅਤੇ ਲੜਾਉਣਾ ਹੋਵੇਗਾ, ਇਹ ਹਾਕਮ ਜਮਾਤਾਂ ਦੀ ‘ਪਾੜੋ ਤੇ ਰਾਜ ਕਰੋ’ ਦੀ ਨੀਤੀ ਦੇ ਸਹਾਇਕ ਬਣਨਾ ਹੋਵੇਗਾ।

ਅਸੀਂ ਇਕ ਵਾਰ ਫਿਰ ਦੁਹਰਾ ਦੇਈਏ ਕਿ ਜਮਾਤੀ ਵੰਡ ਹੀ ਅੱਜ ਦੇ ਭਾਰਤ ਦੀ ਬੁਨਿਆਦੀ ਵੰਡ ਹੈ। ਇਹੋ ਉਹ ਪਹਿਚਾਣ ਹੈ, ਜਿਸਦੇ ਅਧਾਰ ’ਤੇ ਭਾਰਤ ਦੇ ਕਿਰਤੀ ਲੋਕਾਂ ਦੀ ਵਿਸ਼ਾਲਤਮ ਸੰਭਵ ਲਾਮਬੰਦੀ ਕੀਤੀ ਜਾ ਸਕਦੀ ਹੈ। ਜਮਾਤੀ ਅਧਾਰ ਤੇ ਲੋਕਾਂ ਦੀ ਲਾਮਬੰਦੀ ਹੀ ਉਹਨਾਂ ਨੂੰ ਉਹਨਾਂ ਦੀ ਮੁਕਤੀ ਵੱਲ ਲੈ ਜਾ ਸਕਦੀ ਹੈ ਅਤੇ ਉਹਨਾਂ ਨੂੰ ਹਰ ਤਰ੍ਹਾਂ ਦੀ ਲੁੱਟ, ਦਾਬੇ, ਅਪਮਾਨ ਤੋਂ ਮੁਕਤੀ ਦਿਵਾ ਸਕਦੀ ਹੈ।

ਮਾਰਕਸਵਾਦ ਭਾਰਤੀ ਸਮਾਜ ਦੀਆਂ ਵਿਰੋਧਤਾਈਆਂ ਦੀ ਵਿਆਖਿਆ ਕਰਨ ਅਤੇ ਇਹਨਾਂ ਨੂੰ ਹੱਲ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹੈ। ਇਹ ਕਹਿਣਾ ਕਿ ਅੱਜ ਦਾ ਭਾਰਤੀ ਸਮਾਜ (ਜਾਂ ਪਹਿਲਾਂ ਦਾ ਵੀ) ਸਿਰਫ਼ ਜਾਤ ਵਿੱਚ ਵੰਡਿਆ ਹੋਇਆ ਹੈ ਜਮਾਤ ’ਚ ਨਹੀਂ, ਅੱਜ ਦੇ ਭਾਰਤ ਦੇ ਵਸਤੂਗਤ ਯਥਾਰਥ ਤੋਂ ਪੂਰਨ ਅਗਿਆਨਤਾ ਦਾ ਹੀ ਪ੍ਰਗਟਾਵਾ ਹੈ। ਜਾਤ ਅਤੇ ਜਮਾਤ ਦੀ ਆਪਸੀ ਸਬੰਧ ਬਾਰੇ ਉੱਪਰ ਅਸੀਂ ਵਿਸਤਾਰ ਵਿੱਚ ਆਪਣੀ ਪੋਜ਼ੀਸ਼ਨ ਸਪਸ਼ਟ ਕਰ ਆਏ ਹਾਂ।

ਮਾਰਕਸਵਾਦ ਅਤੇ ਅੰਬੇਡਕਰਵਾਦ ਦੀ ਏਕਤਾ ਦੀ ਵਕਾਲਤ ਬਾਰੇ

ਦਲਿਤਵਾਦੀਆਂ ਦੀਆਂ ਕਈ ਵੰਨਗੀਆਂ ਹਨ। ਕੁਝ ਦਾ ਕਹਿਣਾ ਹੈ ਕਿ ਮਾਰਕਸਵਾਦ ਇਕ ਜਮਾਤ ਘਟਾਓਵਾਦੀ, ਆਰਥਿਕ ਨਿਰਧਾਰਨਵਾਦੀ ਫਲਸਫਾ ਹੈ। ਕੁਝ ਇਸ ਨੂੰ ਭਾਰਤ ਦੀਆਂ ਹਾਲਤਾਂ ਵਿੱਚ ਅਪ੍ਰਸੰਗਕ ਕਹਿੰਦੇ ਹਨ। ਪਰ ਇਸ ਦੇ ਨਾਲ ਹੀ ਦਲਿਤਵਾਦੀਆਂ ਅਤੇ “ਮਾਰਕਸਵਾਦੀਆਂ” ਦਲਿਤਵਾਦੀਆਂ ਦੀ ਇਕ ਧਾਰਾ ਅਜਿਹੀ ਹੈ ਜੋ ਮਾਰਕਸਵਾਦ ਨੂੰ ਭਾਰਤ ਲਈ ਜ਼ਰੂਰੀ ਸਮਝਦੀ ਹੈ, ਪਰ ਅੰਬੇਡਕਵਾਦ ਦੇ ਨਾਲ਼ ਨਾਲ਼,

ਉਹਨਾਂ ਦਾ ਕਹਿਣਾ ਹੈ ਕਿ ਭਾਰਤ ਵਿੱਚੋਂ ਜਮਾਤੀ ਅਤੇ ਜਾਤੀ (ਦੋਵੇਂ ਵੱਖਰੇ ਵੱਖਰੇ, ਆਪਸ ਵਿੱਚ ਨੱਥੀ ਹੋਏ ਹੋਣ ਦੇ ਰੂਪ ਵਿੱਚ ਨਹੀਂ) ਲੁੱਟ-ਜ਼ਬਰ ਖਤਮ ਕਰਨ ਲਈ ਮਾਰਕਸਵਾਦ ਅਤੇ ਅੰਬੇਡਕਰਵਾਦ ਨੂੰ ਮਿਲਾਇਆ ਜਾਣਾ ਚਾਹੀਦਾ ਹੈ।

ਮਾਰਕਸਵਾਦ ਅਤੇ ਅੰਬੇਡਕਰਵਾਦ ਨੂੰ ਮਿਲਾਉਣ ਦੀਆਂ ਕੋਸ਼ਿਸ਼ਾਂ ਅੱਜ ਹੀ ਨਹੀਂ ਹੋ ਰਹੀਆਂ ਅਤੀਤ ਵਿੱਚ ਵੀ ਅਜਿਹਾ ਹੁੰਦਾ ਰਿਹਾ ਹੈ। ਕੁਝ ਸਮਾਂ ਪਹਿਲਾਂ ਮਹਾਰਾਸ਼ਟਰ ਵਿੱਚ ਸ਼ਰਦ ਪਾਟਿਲ ਨੇ ਸੱਤਿਆਸੋਧਕ ਕਮਿਊਨਿਸਟ ਪਾਰਟੀ ਬਣਾਈ ਸੀ, ਜੋ ਮਾਰਕਸਵਾਦ-ਫੂਲੇ-ਅੰਬੇਡਕਰਵਾਦ ਨੂੰ ਆਪਣਾ "ਰਾਹ ਦਰਸਾਵਾ" ਸਿਧਾਂਤ ਮੰਨਦੀ ਸੀ। ਮਾਰਕਸਵਾਦੀ ਅਲੋਚਕ ਵਜੋਂ ਜਾਣੇ ਜਾਂਦੇ ਹਿੰਦੀ ਦੇ ਲੇਖਕ ਮੈਨੇਜਰ ਪਾਂਡੇ ਦਾ ਕਹਿਣਾ ਹੈ, "ਅੰਬੇਡਕਰ ਦੇ ਵਿਚਾਰ ਸਾਡੇ ਲਈ, ਜਾਂ ਜੋ ਵੀ ਭਾਰਤੀ ਸਮਾਜ ਨੂੰ ਬਦਲਣਾ ਚਾਹੁੰਦਾ ਹੈ, ਉਸ ਲਈ ਅਤਿਅੰਤ ਮਹੱਤਵਪੂਰਨ ਹਨ। (ਮੈਂ ਤਾਂ ਇਹ ਵੀ ਕਹਿਣਾ ਚਾਹੂੰਗਾ ਕਿ ਅੱਜ ਦੇ ਜ਼ਮਾਨੇ ਵਿੱਚ ਭਾਰਤੀ ਸਮਾਜ ਨੂੰ ਬਦਲਣ ਲਈ, ਮਾਰਕਸਵਾਦ ਅਤੇ ਅੰਬੇਡਕਰ ਦੀ ਜ਼ਿਆਦਾ ਤੋਂ ਜ਼ਿਆਦਾ ਏਕਤਾ ਜ਼ਰੂਰੀ ਹੈ।" (ਹਾਸ਼ੀਆ ਜਨਵਰੀ-ਮਾਰਚ 2008)। ਇਕ ਹੋਰ ਦਲਿਤਵਾਦੀ ਲੇਖਕ ਹਨ ਡਾ. ਥਾਮਸ ਮੈਥਿਊ, ਉਹ ਵੀ ਮਾਰਕਸਵਾਦ ਅਤੇ ਅੰਬੇਡਕਰਵਾਦ ਦੇ ਸੁਮੇਲ ਦੀ ਲਾਈਨ ਦਿੰਦੇ ਹਨ। ਇਕ ਹੋਰ ਦਲਿਤਵਾਦੀ ਲੇਖਕ ਅਨੰਦ ਤੇਲਤੰਬੜੇ ਇਸੇ ਗੱਲ ਨੂੰ ਥੋੜ੍ਹੇ ਵੱਖਰੇ ਸ਼ਬਦਾਂ ਵਿੱਚ ਕਹਿੰਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਭਾਰਤੀ ਹਕੀਕਤ ਨੂੰ ਸਮਝਣ ਲਈ ਨਾ ਤਾਂ ਸਿਰਫ਼ ਜਮਾਤ ਦਾ ਪੈਮਾਨਾ ਕਾਫੀ ਅਤੇ ਨਾ ਹੀ ਸਿਰਫ਼ ਜਾਤ ਦਾ। ਉਹ ਕਹਿੰਦੇ ਕਿ ਭਾਰਤ ਵਿੱਚ ਕੋਈ ਸਮਾਜਿਕ ਤਬਦੀਲੀ ਲਿਆਉਣ ਲਈ ਜ਼ਰੂਰੀ ਹੈ ਕਿ ਇੱਥੇ ਇਕ ਮਜ਼ਬੂਤ ਦਲਿਤ ਅੰਦੋਲਨ ਹੋਵੇ, ਜੋ ਬ੍ਰਾਹਮਣਵਾਦ ਦੀ ਰਹਿੰਦ ਖੂੰਹਦ ਵਿਰੁੱਧ ਲੜਨ ਦੇ ਨਾਲ਼ ਨਾਲ਼ ਜਮਾਤੀ ਦਿਸ਼ਾ ਅਪਣਾਉਂਦੇ ਹੋਏ ਹੋਰ ਜਾਤਾਂ ਦੇ ਕਿਰਤੀ ਲੋਕਾਂ ਨੂੰ ਵੀ ਆਪਣੇ ਵਿੱਚ ਸਮੋਏ ਅਤੇ ਇਸ ਦੇ ਨਾਲ਼ ਹੀ ਇਕ ਮਜ਼ਬੂਤ ਕਮਿਊਨਿਸਟ ਲਹਿਰ ਦੀ ਲੋੜ ਹੈ ਜੋ ਆਪਣੇ ਜਮਾਤੀ ਘੋਲ਼ ਵਿੱਚ ਸਮਾਜਿਕ ਅਤੇ ਸੱਭਿਆਚਾਰਕ ਵਿਤਕਰੇ ਵਿਰੁੱਧ ਸੰਘਰਸ਼ ਦਾ ਏਜੰਡਾ ਵੀ ਸ਼ਾਮਿਲ ਕਰ ਲਵੇ। (ਦੇਖੋ ਉਹਨਾਂ ਦਾ ਲੇਖ 'Theorising the Dalit Movement: A viewpoint') ਪਰ ਉਹ ਇਹ ਸਪਸ਼ਟ ਨਹੀਂ ਕਰਦੇ ਕਿ ਜੇਕਰ ਜਮਾਤੀ ਸੰਘਰਸ਼ ਵਿੱਚ ਸਮਾਜਿਕ ਅਤੇ ਸੱਭਿਆਚਾਰਕ ਵਿਤਕਰੇ ਵਿਰੁੱਧ ਸੰਘਰਸ਼ ਦਾ ਏਜੰਡਾ ਸ਼ਾਮਿਲ ਕਰਨ ਵਾਲੀ ਇੱਥੇ ਇੱਕ ਮਜ਼ਬੂਤ ਕਮਿਊਨਿਸਟ ਲਹਿਰ ਹੋਵੇ ਤਾਂ ਅਲੱਗ ਤੋਂ ਦਲਿਤ ਅੰਦੋਲਨ ਦੀ ਕੀ ਲੋੜ ਹੈ ?

ਆਓ ਦੇਖਦੇ ਹਾਂ ਕਿ ਕੀ ਮਾਰਕਸਵਾਦ ਅਤੇ ਅੰਬੇਡਕਰਵਾਦ ਵਿਚ ਸੱਚਮੁਚ ਹੀ ਕੋਈ ਏਕਤਾ ਮੁਮਕਿਨ ਹੈ ? ਇਸ ਏਕਤਾ ਦਾ ਮਤਲਬ ਹੋਵੇਗਾ ਫਲਸਫੇ ਦੇ ਧਰਾਤਲ 'ਤੇ, ਰਾਜਨੀਤੀ ਦੇ ਧਰਾਤਲ 'ਤੇ, ਅਰਥ-ਸ਼ਾਸਤਰ ਅਤੇ ਸਮਾਜ-ਸ਼ਾਸਤਰ ਦੇ ਧਰਾਤਲ 'ਤੇ ਏਕਤਾ। ਮਾਰਕਸਵਾਦ ਇਕ ਦਵੰਦਾਤਮਕ ਭੌਤਿਕਵਾਦੀ ਫਲਸਫਾ ਹੈ ਜਦਕਿ ਅੰਬੇਡਕਰ ਸਾਰਾ ਜੀਵਨ ਵਿਚਾਰਵਾਦੀ ਰਹੇ। ਆਪਣੇ ਅੰਤਮ ਸਮੇਂ 'ਚ ਉਹ ਬੁੱਧਵਾਦ ਤੱਕ ਪਹੁੰਚੇ ਜੋ ਕਿ ਮੁੱਢ ਕਦੀਮੀ, ਅਣਘੜ ਮਸ਼ੀਨੀ ਭੌਤਿਕਵਾਦ ਹੈ। ਸਮਾਜੀ ਸਬੰਧਾਂ ਨੂੰ ਸਮਝਣ ਵਿੱਚ ਅੰਬੇਡਕਰ

ਸਾਰੀ ਉਮਰ ਅਧਿਆਤਮਵਾਦੀ ਵਿਚਾਰਵਾਦੀ ਬਣੇ ਰਹੇ। ਦਵੰਦਾਤਮਕ ਭੌਤਿਕਵਾਦ ਅਤੇ ਅਧਿਆਤਮਵਾਦੀ ਵਿਚਾਰਵਾਦ ਇੱਕ ਦੂਸਰੇ ਦੇ ਪੂਰੀ ਤਰ੍ਹਾਂ ਉਲਟ ਹਨ। ਦਵੰਦਾਤਮਕ ਭੌਤਿਕਵਾਦ ਪ੍ਰਗਤੀਸ਼ੀਲ ਜਮਾਤ ਦੀ ਸੇਵਾ ਕਰਦਾ ਹੈ ਇਹ ਉਸਦਾ ਬੌਧਿਕ ਆਤਮਿਕ ਹਥਿਆਰ ਹੈ। ਜਦ ਕਿ ਅਧਿਆਤਮਵਾਦੀ ਵਿਚਾਰਵਾਦ ਮਰਨਾਊ ਲੋਟੂ ਜਮਾਤਾਂ ਦੀ ਸੇਵਾ ਕਰਦਾ ਹੈ।

ਰਾਜਨੀਤੀ ਦੀ ਗੱਲ ਕਰੀਏ ਤਾਂ ਮਾਰਕਸਵਾਦ ਜਮਾਤੀ ਸੰਘਰਸ਼ ਜ਼ਰੀਏ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਦੀ ਸਥਾਪਨਾ ਦਾ ਹੋਕਾ ਦਿੰਦਾ ਹੈ। ਮਜ਼ਦੂਰ ਜਮਾਤ ਦੀ ਤਾਨਾਸ਼ਾਹੀ, ਸਮਾਜ ਵਿੱਚ ਜਮਾਤੀ ਪਾੜੇ ਖਤਮ ਕਰੇਗੀ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਅਸੰਭਵ ਬਣਾਉਣ ਦੀ ਦਿਸ਼ਾ ਵਿੱਚ ਕੰਮ ਕਰੇਗੀ, ਤਦ ਸਮਾਜ ਇੱਕ ਜਮਾਤ ਰਹਿਤ ਸਮਾਜ ਵਿੱਚ ਬਦਲ ਜਾਵੇਗਾ। ਉਦੋਂ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਦੀ ਕੋਈ ਲੋੜ ਨਹੀਂ ਹੋਵੇਗੀ। ਇਹ ਬੇਲੋੜੀ ਹੋ ਜਾਵੇਗੀ ਅਤੇ ਇੱਕ ਸਹਿਜ ਪ੍ਰਕਿਰਿਆ 'ਚ ਖ਼ਤਮ ਹੋ ਜਾਵੇਗੀ।

ਅੰਬੇਡਕਰ ਦੀ ਰਾਜਨੀਤੀ ਲੁਟੇਰੀਆਂ ਜਮਾਤਾਂ ਨਾਲ਼ ਮੇਲ ਮਿਲਾਪ ਦੀ ਵਕਾਲਤ ਕਰਦੀ ਹੈ। ਉਹ ਇਸ ਲੁੱਟ ਜਬਰ ਅਧਾਰਿਤ ਪੂੰਜੀਵਾਦੀ ਢਾਂਚੇ ਦਾ ਅੰਗ ਬਣਕੇ, ਇਸੇ ਢਾਂਚੇ 'ਚ ਸੁਧਾਰਾਂ ਦੇ ਛੋਟੇ ਮੋਟੇ ਟੁਕੜਿਆਂ ਨਾਲ਼ ਦੱਬੇ ਕੁਚਲੇ, ਲੁੱਟੀਂਦੇ, ਕਿਰਤੀ ਲੋਕਾਂ ਨੂੰ ਪਰਚਾਉਣਾ ਚਾਹੁੰਦੀ ਹੈ।

ਮਾਰਕਸਵਾਦੀ ਅਰਥ-ਸ਼ਾਸਤਰ ਪੂੰਜੀਵਾਦੀ ਲੁੱਟ ਤੋਂ ਪਰਦਾ ਲਾਹੁੰਦਾ ਹੈ. ਉਹ ਦੱਸਦਾ ਹੈ ਕਿ ਧਨੀਆਂ ਦੇ ਧਨ ਦਾ ਸਰੋਤ ਮਜ਼ਦੂਰ ਜਮਾਤ ਦੀ ਕਿਰਤ ਸ਼ਕਤੀ ਦੀ ਲੁੱਟ ਹੈ। ਧਨੀਆਂ ਦਾ ਧਨ ਮਜ਼ਦੂਰ ਜਮਾਤ ਵੱਲੋਂ ਸਿਰਜੀ ਵਾਫਰ ਕਦਰ ਹਥਿਆਉਣ ਨਾਲ ਵਧਦਾ ਹੈ। ਇਸ ਲੁੱਟ ਨੂੰ ਖਤਮ ਕਰਨ ਲਈ ਜ਼ਰੂਰੀ ਹੈ, ਕਿ ਮਜ਼ਦੂਰ ਜਮਾਤ ਆਪਣੀ ਸਿਆਸੀ (ਕਮਿਊਨਿਸਟ) ਪਾਰਟੀ ਦੀ ਅਗਵਾਈ ਵਿੱਚ ਜਥੇਬੰਦ ਹੋਵੇ ਅਤੇ ਸਮਾਜਵਾਦੀ ਇਨਕਲਾਬ ਦੇ ਜ਼ਰੀਏ, ਪੂੰਜੀਪਤੀਆਂ ਦੀ ਸੱਤਾ ਨੂੰ ਉਖਾੜ ਸੁੱਟੇ, ਅਤੇ ਆਪਣੀ ਤਾਨਾਸ਼ਾਹੀ ਕਾਇਮ ਕਰੇ। ਫਿਰ ਨਿੱਜੀ ਜਾਇਦਾਦ ਦਾ ਖਾਤਮਾ ਕਰੇ ਅਤੇ ਸਾਰੀ ਸੰਪੱਤੀ ਦਾ ਸਮਾਜੀਕਰਨ ਕਰੇ।

ਦੂਜੇ ਪਾਸੇ ਅੰਬੇਡਕਰ ਦਾ ਅਰਥ-ਸ਼ਾਸਤਰ ਯੂਟੋਪੀਆਈ ਹੈ, ਅਵਿਵਹਾਰਕ ਹੈ ਅਤੇ ਇਹ ਲੁੱਟ ਖਸੁੱਟ ਦੀ ਵਕਾਲਤ ਕਰਦਾ ਹੈ ਅਤੇ ਇਸ ਨੂੰ ਜਾਰੀ ਰੱਖਣ ਦੀ ਵਕਾਲਤ ਕਰਦਾ ਹੈ।

ਮਾਰਕਸਵਾਦ ਸਿਖਾਉਂਦਾ ਹੈ ਕਿ ਸਮਾਜ ਵਿੱਚੋਂ ਸਮਾਜਿਕ ਅਤੇ ਸੱਭਿਆਚਾਰਕ ਵਿਤਕਰੇ ਤਾਂ ਹੀ ਖਤਮ ਕੀਤੇ ਜਾ ਸਕਦੇ ਹਨ ਜੇਕਰ ਉਹਨਾਂ ਦਾ ਭੌਤਿਕ ਅਧਾਰ ਉਤਪਾਦਨ ਦੇ ਉਹਨਾਂ ਸਬੰਧਾਂ ਨੂੰ ਨਸ਼ਟ ਕੀਤਾ ਜਾਵੇ ਜੋ ਇਹਨਾਂ ਵਿਤਕਰਿਆਂ ਨੂੰ ਜਨਮ ਦਿੰਦੇ ਹਨ। ਕੋਈ ਭਰਮ ਨਾ ਪੈਦਾ ਹੋਵੇ ਇਸ ਲਈ ਸਪਸ਼ਟ ਕਰ ਦੇਈਏ ਮਾਰਕਸਵਾਦ ਇਹ ਨਹੀਂ ਸਿਖਾਉਂਦਾ ਕਿ ਉਤਪਾਦਨ ਸਬੰਧ ਬਦਲਣ ਨਾਲ ਖੁਦ-ਬ-ਖੁਦ ਸਮਾਜਿਕ ਸੱਭਿਆਚਾਰਕ ਵਿਤਕਰੇ ਖਤਮ ਹੋ ਜਾਣਗੇ। ਇਸ ਲਈ ਇਕ ਲਗਾਤਾਰ ਸੱਭਿਆਚਾਰਕ ਇਨਕਲਾਬ (Prepetual Cultural Revolution) ਜ਼ਰੂਰੀ ਹੈ। ਉਤਪਾਦਨ ਸਬੰਧਾਂ ਨੂੰ ਬਦਲਣ

(ਇਨਕਲਾਬ) ਦੀ ਪ੍ਰਕਿਰਿਆ ਦੌਰਾਨ ਵੀ ਅਤੇ ਉਸ ਤੋਂ ਬਾਅਦ ਵੀ।

ਦੂਜੇ ਪਾਸੇ ਅੰਬੇਡਕਰ ਕੋਲ ਸਮਾਜ ਵਿੱਚੋਂ ਸਮਾਜਿਕ-ਸੱਭਿਆਚਾਰਕ ਵਿਤਕਰੇ ਖਤਮ ਕਰਨ ਦਾ ਕੋਈ ਪ੍ਰੋਗਰਾਮ ਨਹੀਂ ਹੈ। ਜਾਤ ਦੇ ਖਾਤਮੇ ਦੇ ਸਬੰਧ ਵਿੱਚ ਉਹ ਕਹਿੰਦੇ ਹਨ ਕਿ ਇਹ ਅਸੰਭਵ ਹੈ। ਅਤੇ ਮਜਬੂਰੀ ਦੀ ਹਾਲਤ ਵਿੱਚ ਉਹ ਬਿਨਾਂ ਕੋਈ ਕਾਰਨ ਸਪਸ਼ਟ ਕੀਤੇ ਧਰਮ ਪਰਿਵਰਤਨ ਦਾ ਹੋਕਾ ਦਿੰਦੇ ਹਨ। ਜਾਤ ਖ਼ਤਮ ਕਰਨ ਲਈ ਉਹ ਦਲਿਤਾਂ ਦੇ ਵੱਖਰੇ ਪਿੰਡ ਵਸਾਉਣ ਦਾ ਵੀ ਸੱਦਾ ਦਿੰਦੇ ਹਨ। ਇਸ ਤਰ੍ਹਾਂ ਗਾਂਧੀ ਦੇ ਗ੍ਰਾਮ ਸਵਰਾਜ ਦੇ ਬਰਕਸ ਉਹ ਦਲਿਤ ਗ੍ਰਾਮ ਸਵਰਾਜ ਦਾ ਯੂਟੋਪੀਆ ਸਿਰਜਦੇ ਹਨ।

ਅੰਬੇਡਕਰ ਦੇ ਪੈਰੋਕਾਰ ਪਤਾ ਨਹੀਂ ਕਿਉਂ ਅੰਬੇਡਕਰਵਾਦ ਅਤੇ ਮਾਰਕਸਵਾਦ ਦੀ ਏਕਤਾ ਦੀ ਵਕਾਲਤ ਕਰਦੇ ਹਨ। ਜਦ ਕਿ ਅੰਬੇਡਕਰ ਮਾਰਕਸਵਾਦ ਦੇ ਸਖ਼ਤ ਵਿਰੋਧੀ ਸਨ। ਓਨੀ ਨਫ਼ਰਤ ਤਾਂ ਉਹਨਾਂ ਨੇ ਬ੍ਰਾਹਮਣਵਾਦ ਵਿਰੁੱਧ ਨਹੀਂ ਦਿਖਾਈ ਜਿੰਨੀ ਕਿ ਮਾਰਕਸਵਾਦ ਵਿਰੁੱਧ ਦਿਖਾਈ ਹੈ।

ਮਾਰਕਸਵਾਦ ਇਨਕਲਾਬੀ ਮਜ਼ਦੂਰ ਜਮਾਤ ਦੀ ਵਿਚਾਰਧਾਰਾ ਹੈ, ਜਦ ਕਿ ਅੰਬੇਡਕਰਵਾਦ ਬੁਰਜੂਆ ਉਦਾਰਵਾਦ ਦੀ ਹੀ ਇਕ ਵੰਨਗੀ ਹੈ, ਇਹ ਦੋਵੇਂ ਵਿਚਾਰਧਾਰਾਵਾਂ ਉਲਟ ਹਿੱਤਾਂ ਵਾਲੀਆਂ ਜਮਾਤਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ। ਇਹਨਾਂ ਵਿੱਚ ਕਿਸੇ ਵੀ ਪ੍ਰਕਾਰ ਦੀ ਕੋਈ ਏਕਤਾ ਨਾ ਮੁਮਕਿਨ ਹੈ।

ਦਲਿਤ ਉਭਾਰ ਦਾ ਵਰਤਮਾਨ ਵਰਤਾਰਾ ਅਤੇ ਕਮਿਊਨਿਸਟ

ਪਿਛਲੇ ਦੋ ਦਹਾਕਿਆਂ ਤੋਂ ਜਦੋਂ ਤੋਂ ਭਾਰਤ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੇ ਭੰਵਰ ਵਿੱਚ ਖਿੱਚਿਆ ਗਿਆ ਹੈ, ਦਲਿਤ ਰਾਜਨੀਤੀ ਦਾ ਕਿ ਨਵਾਂ ਉਭਾਰ ਸਾਹਮਣੇ ਆਇਆ ਹੈ, ਉੱਤਰ ਭਾਰਤ 'ਚ ਬਹੁਜਨ ਸਮਾਜ ਪਾਰਟੀ ਦੇ ਰੂਪ ਵਿੱਚ ਅਤੇ ਦੱਖਣ ਵਿੱਚ ਕੁਝ ਹੋਰ ਖੇਤਰੀ ਪਾਰਟੀਆਂ ਦੇ ਰੂਪ ਵਿੱਚ। ਇਸ ਦੇ ਨਾਲ ਹੀ ਨਾਲ ਸਾਮਰਾਜਵਾਦੀ ਮਾਇਕ ਮੱਦਦ 'ਤੇ ਪਲਣ ਵਾਲੀ ਐੱਨ. ਜੀ. ਓ. ਰਾਜਨੀਤੀ ਅਤੇ ਪਹਿਚਾਣ ਦੀ ਰਾਜਨੀਤੀ ਵੀ ਵੱਡੇ ਪੱਧਰ 'ਤੇ ਸਾਹਮਣੇ ਆਈ ਹੈ। ਇਸ ਵਰਤਾਰੇ ਨੇ ਕਮਿਊਨਿਸਟ ਖੇਮਿਆਂ 'ਚ ਵੀ ਹਲਚਲ ਮਚਾਈ ਹੈ। ਇਸ ਸਮੇਂ 'ਚ ਕਈ ਮਾਰਕਸਵਾਦੀ ਭਟਕ ਕੇ "ਮਾਰਕਸਵਾਦੀ" ਦਲਿਤਵਾਦੀ ਹੋ ਗਏ ਹਨ। ਕੁਝ ਦਲਿਤਵਾਦੀ ਅਤੇ ਮਾਰਕਸਵਾਦੀ ਵੀ ਅਜਿਹੇ ਹਨ ਜੋ ਜ਼ਮੀਨੀ ਸੁਧਾਰਾਂ ਜਿਹੇ ਵੇਲਾ ਵਿਹਾ ਚੁੱਕੇ ਨੁਸਖਿਆਂ ਨਾਲ਼ ਨਵੀਆਂ ਹਾਲਤਾਂ 'ਚੋਂ ਉਪਜੀਆਂ ਨਵੀਆਂ ਸਮੱਸਿਆਵਾਂ ਦਾ ਹੱਲ ਕਰਨਾ ਚਾਹੁੰਦੇ ਹਨ।

ਇਥੇ ਅਸੀਂ ਵਰਤਮਾਨ ਸਮੇਂ ਦੇ ਤਿੰਨ ਦਲਿਤਵਾਦੀ ਸਿਧਾਂਤਕਾਰਾਂ ਦੇ ਦਲਿਤ ਮੁਕਤੀ ਦੇ ਪ੍ਰੋਗਰਾਮ ਦੀ ਸੰਖੇਪ 'ਚ ਚਰਚਾ ਕਰਾਂਗੇ। ਇਹ ਹਨ ਕਾਂਚਾ ਇਲਈਆਹ, ਚੰਦਰ ਭਾਨ ਪ੍ਰਸਾਦ ਅਤੇ ਅਨੰਦ ਤੇਲਤੁੰਬੜੇ।

ਕਾਂਚਾ ਇਲਈਆਹ ਇਹਨੀਂ ਦਿਨੀਂ ਦਲਿਤ ਬਹੁਜਨ ਰਾਜਨੀਤੀ ਦੇ ਇਕ ਉਘੇ ਸਿਧਾਂਤਕਾਰ ਵਜੋਂ ਉੱਭਰੇ ਹਨ। ਉਹ ਸਿਵਲ ਸਮਾਜ ਦੇ ਦਲਿਤੀਕਰਨ, ਦਲਿਤ ਬਹੁਜਨ ਲੋਕਤੰਤਰ ਸਥਾਪਿਤ ਕਰਨ ਅਤੇ ਦਲਿਤ ਜਮਹੂਰੀ ਇਨਕਲਾਬ ਦਾ ਸੱਦਾ ਦਿੰਦੇ ਹਨ। ਪਰ ਇਸ ਸਭ ਕੁਝ ਹਾਸਲ ਕਰਨ ਲਈ ਉਹ ਪਾਰਲੀਮਾਨੀ ਤੌਰ ਤਰੀਕਿਆਂ ਦੀ ਵਕਾਲਤ ਕਰਦੇ ਹਨ ਅਤੇ ਅੰਬੇਡਕਰ ਦੇ ਨਕਸ਼ੇ ਕਦਮ 'ਤੇ ਚਲਦਿਆਂ ਦਲਿਤਾਂ ਨੂੰ ਬੁੱਧਵਾਦ ਅਪਣਾਉਣ ਦਾ ਸੱਦਾ ਦਿੰਦੇ ਹਨ। ਉਹ ਬਹੁਜਨ ਸਮਾਜ ਪਾਰਟੀ ਦੇ ਉਭਾਰ 'ਤੇ ਫਿਦਾ ਹਨ। ਉਹ ਕਾਂਸ਼ੀ ਰਾਮ ਨੂੰ ਅੰਬੇਡਕਰ ਤੋਂ ਵੀ ਵੱਡਾ ਦਲਿਤ ਮੁਕਤੀ ਦਾ ਮਸੀਹਾ ਮੰਨਦੇ ਹਨ। ਸਾਰ ਤੱਤ 'ਚ ਬਹੁਜਨ ਸਮਾਜ ਪਾਰਟੀ ਦੇ ਬਹੁਜਨਵਾਦ ਨੂੰ ਸਿਧਾਂਤਕ ਚੌਖਟਾ ਮੁਹੱਈਆ ਕਰਦੇ ਹਨ। ਅੱਜ ਬਹੁਜਨ ਸਮਾਜ ਪਾਰਟੀ ਦੀ ਮੌਕਾਪ੍ਰਸਤ ਸਿਆਸਤ ਇਸ ਕਦਰ ਨੰਗੀ ਹੋ ਚੁੱਕੀ ਹੈ ਕਿ ਇਸ ਬਾਰੇ ਵਧੇਰੇ ਚਰਚਾ ਕਰਨਾ ਵਕਤ ਦੀ ਬਰਬਾਦੀ ਹੀ ਹੋਵੇਗੀ।

12-13 ਜਨਵਰੀ 2002 ਨੂੰ ਉਸ ਵੇਲੇ ਦੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਦਿਗਵਿਜੇ ਸਿੰਘ ਨੇ ਪੂਰੇ ਦੇਸ਼ ਵਿੱਚ ਭਾਂਤ-ਸੁਭਾਂਤੇ 200 ਦਲਿਤ ਬੁੱਧੀਜੀਵੀਆਂ ਅਤੇ ਕਾਰਕੁਨਾਂ ਨੂੰ ਭੋਪਾਲ ਵਿਖੇ ਇਕ ਕਨਫਰੰਸ ਵਿੱਚ ਇਕੱਠੇ ਕੀਤਾ ਜਿਸਦਾ ਵਿਸ਼ਾ ਸੀ, "21ਵੀਂ ਸਦੀ ਵਾਸਤੇ ਦਲਿਤਾਂ ਲਈ ਨਵੀਂ ਦਿਸ਼ਾ ਉਲੀਕਣਾ"। ਇਸ ਕਾਨਫਰੰਸ ਨੇ ਇਕ 21 ਸੂਤਰੀ ਐਲਾਨਨਾਮਾ ਜਾਰੀ ਕੀਤਾ ਜਿਸ ਨੂੰ ਭੋਪਾਲ ਐਲਾਨਨਾਮਾ ਕਿਹਾ ਜਾਂਦਾ ਹੈ। ਇਹ ਐਲਾਨਨਾਮਾ ਅਮਰੀਕਾ ਵਿੱਚ ਕਾਲਿਆਂ ਸਬੰਧੀ ਅਪਣਾਈ 'ਸਕਾਰਾਤਮਕ ਕਾਰਵਾਈ' ਅਤੇ 'ਵਿਭਿੰਨਤਾ ਨੀਤੀ' ਦੀ ਵਕਾਲਤ ਕਰਦਾ ਹੈ। ਇਹ ਕਹਿੰਦਾ ਹੈ ਕਿ ਆਉਣ ਵਾਲੇ ਕੁਝ ਦਹਾਕਿਆਂ ਵਿੱਚ ਦਲਿਤ ਅਰਬਪਤੀ ਅਤੇ ਦਲਿਤ ਪੂੰਜੀਪਤੀ ਸਾਹਮਣੇ ਆਉਣਗੇ। ਦਲਿਤ ਮੁਕਤੀ ਦੀ ਇਸ ਲਾਈਨ ਦੇ ਮੁੱਖ ਝੰਡਾ ਬਰਦਾਰ ਹਨ ਸ਼੍ਰੀ ਚੰਦਰ ਭਾਨ ਪ੍ਰਸਾਦ। ਪੰਜਾਬ ਵਿੱਚ ਡਾ. ਰੌਣਕੀ ਰਾਮ ਇਸ ਲਾਈਨ ਦੀ ਵਕਾਲਤ ਕਰਦੇ ਹਨ। (ਦੇਖੋ 2 ਮਈ 2010 ਦੇ ਨਵਾਂ ਜਮਾਨਾ 'ਚ ਛਪੀ ਉਹਨਾਂ ਦੀ ਮੁਲਾਕਾਤ) ਉਹ ਇਸ ਨੂੰ 'ਪੂੰਜੀ ਦੇ ਜਮਹੂਰੀਕਰਨ' ਦਾ ਨਾਂ ਦਿੰਦੇ ਹਨ। "ਪੂੰਜੀ ਦੇ ਜਮਹੂਰੀਕਰਨ" ਦਾ ਮਤਲਬ ਹੈ ਕਿ ਸਰਕਾਰ ਅਜਿਹੀਆਂ ਨੀਤੀਆਂ ਅਪਣਾਏ ਜਿਸ ਨਾਲ਼ ਦਲਿਤਾਂ ਨੂੰ ਵੀ ਪੂੰਜੀਪਤੀ ਬਣਨ ਦਾ ਮੌਕਾ ਮਿਲੇ।

ਪਹਿਲਾਂ ਤਾਂ ਇਹ ਦੇਖਦੇ ਹਾਂ ਕਿ ਕੀ ਅਮਰੀਕੀ ਸਰਕਾਰ ਦੀ ਅਖੌਤੀ ਸਕਾਰਾਤਮਕ ਕਾਰਵਾਈ ਨਾਲ ਉੱਥੋਂ ਦੇ ਕਾਲ਼ਿਆਂ ਦੀ ਜ਼ਿੰਦਗੀ ਬਦਲੀ ਹੈ। ਕੀ ਕਾਲਿਆਂ 'ਚੋਂ ਇਕ ਕੌਂਡਾਲੀਜ ਰਾਈਸ, ਕੌਲਿਨ ਪਾਵੇਲ, ਮਾਈਕਲ ਜੈਕਸਨ, ਕੁਝ ਫਿਲਮ ਅਦਾਕਾਰ, ਕੁਝ ਖਿਡਾਰੀ ਪੈਦਾ ਹੋਣ ਨਾਲ਼ ਉਥੋਂ ਦੀ ਵੱਡੀ ਬਹੁਗਿਣਤੀ ਕਾਲ਼ੀ ਵਸੋਂ ਦੀ ਜ਼ਿੰਦਗੀ 'ਚ ਕੋਈ ਬੁਨਿਆਦੀ ਬਦਲਾਅ ਆਇਆ ਹੈ। ਅੱਜ ਅਮਰੀਕਾ 'ਚ ਓਨੇ ਕਾਲ਼ੇ ਸਕੂਲਾਂ ਕਾਲਜਾਂ ਵਿੱਚ ਨਹੀਂ ਹਨ ਜਿੰਨੇ ਜੇਲ੍ਹਾਂ ਵਿੱਚ ਹਨ, ਜਿੱਥੇ ਉਹਨਾਂ ਨੂੰ ਗੁਲਾਮ ਮਜ਼ਦੂਰਾਂ ਵਜੋਂ ਵਰਤਿਆ ਜਾਂਦਾ ਹੈ। ਅਮਰੀਕਾ ਵਿੱਚ ਪੂਰੇ ਸੰਸਾਰ ਵਿੱਚ ਸਭ ਤੋਂ ਵੱਧ ਕੈਦੀ ਹਨ, ਲਗਭਗ 20 ਲੱਖ। ਇਹਨਾਂ ਵਿੱਚ 63 ਫੀਸਦੀ ਕਾਲ਼ੇ ਅਤੇ ਹਿਸਪੈਨਿਕ ਹਨ। ਭਾਵੇਂ ਇਹ ਦੋਵੇਂ ਭਾਈਚਾਰੇ

ਅਮਰੀਕਾ ਦੀ ਆਬਾਦੀ ਦਾ 25 ਫੀਸਦੀ ਬਣਦੇ ਹਨ। ਅੱਜ ਵੀ ਕਾਲ਼ਿਆਂ ਨੂੰ ਅਮਰੀਕਾ ਵਿੱਚ ਕਦਮ-ਕਦਮ 'ਤੇ ਨਸਲੀ ਨਫ਼ਰਤ ਦਾ ਸਾਹਮਣਾ ਕਰਨਾ ਪੈਂਦਾ ਹੈ। ਵੱਡੀ ਬਹੁਗਿਣਤੀ ਅਮਰੀਕੀ ਕਾਲ਼ੇ ਅੱਜ ਅਮਰੀਕਾ ਦੇ ਸਭ ਤੋਂ ਹੇਠਲੀ ਸ਼੍ਰੇਣੀ ਦੇ ਉਜਰਤੀ ਗੁਲਾਮ ਹਨ।

ਚੰਦਰਭਾਨ ਪ੍ਰਸਾਦ ਹੁਣ ਭਾਰਤ ਦੇ ਦਲਿਤਾਂ ਨੂੰ ਪੂੰਜੀਪਤੀ ਬਣਾਉਣ ਲੱਗੇ ਹਨ। ਉਹਨਾਂ ਨੂੰ ਪੁੱਛਿਆ ਜਾਵੇ ਕਿ ਜਲੰਧਰ, ਆਗਰਾ ਅਤੇ ਦੇਸ਼ ਵਿੱਚ ਕਈ ਹੋਰ ਥਾਵਾਂ 'ਤੇ ਦਲਿਤਾਂ ਵਿੱਚੋਂ ਇਕ ਛੋਟਾ ਜਿਹਾ ਪੂੰਜੀਪਤੀ ਵਰਗ ਉੱਭਰਿਆ ਵੀ ਹੈ ਅਤੇ ਕੁਝ ਥਾਵਾਂ 'ਤੇ ਦਲਿਤਾਂ ਵਿੱਚ ਇਕ ਬਹੁਤ ਛੋਟਾ ਜਿਹਾ ਖੇਤੀ ਪੂੰਜੀਪਤੀ ਵਰਗ ਵੀ ਉੱਭਰਿਆ ਹੈ। ਇਸ ਨਾਲ਼ 90 ਫੀਸਦੀ ਦਲਿਤਾਂ ਜੋ ਕਿ ਆਧੁਨਿਕ ਉਜਰਤੀ ਗੁਲਾਮ ਹਨ, ਦੀ ਜ਼ਿੰਦਗੀ 'ਚ ਕੀ ਫਰਕ ਪਿਆ ਹੈ? ਕੀ ਇਹ ਸੋਚਿਆ ਜਾ ਸਕਦਾ ਹੈ ਕਿ ਸਾਰੇ ਦਲਿਤ ਪੂੰਜੀਪਤੀ ਬਣ ਜਾਣਗੇ? ਜੇਕਰ ਅਜਿਹਾ ਹੋ ਵੀ ਜਾਵੇ ਕਿ ਦਲਿਤਾਂ ਦਾ ਇਕ ਅੱਛਾ ਖਾਸਾ ਹਿੱਸਾ, ਪੂੰਜੀਪਤੀ ਬਣ ਜਾਵੇ ਤਾਂ ਖੁਦ ਲੋਟੂ ਜਾਬਰ ਬਣ ਜਾਣਗੇ? ਕੀ ਚੰਦਰ ਭਾਨ ਪ੍ਰਸਾਦ ਜਿਹੇ ਬੁੱਧੀਜੀਵੀ ਇਹੋ ਚਾਹੁੰਦੇ ਹਨ? ਜੀ ਹਾਂ ਉਹ ਇਹੋ ਚਾਹੁੰਦੇ ਹਨ ਕਿ ਲੁੱਟ-ਜਬਰ ਦਾ ਵਰਤਮਾਨ ਢਾਂਚਾ ਬਰਕਰਾਰ ਰਹੇ।

ਪੂੰਜੀਵਾਦੀ ਢਾਂਚਾ ਦਰਅਸਲ ਗੁਲਾਮਾਂ ਵਿੱਚੋਂ ਇਕ ਹਿੱਸੇ ਨੂੰ ਕੋ-ਆਪਟ ਕਰਦਾ ਹੈ ਅਤੇ ਕੋਆਪਸ਼ਨ ਦੀ ਇਹ ਪ੍ਰਕਿਰਿਆ ਲਗਾਤਾਰ ਚੱਲਦੀ ਰਹਿੰਦੀ ਹੈ। ਇਸ ਨਾਲ਼ ਗੁਲਾਮਾਂ ਵਿੱਚ ਇੱਕ ਛੋਟਾ ਜਿਹਾ ਹਿੱਸਾ ਸੱਤਾ ਨਾਲ਼ ਘਿਓ ਖਿਚੜੀ ਹੋ ਜਾਂਦਾ ਹੈ, ਪਰ ਵੱਡੀ ਬਹੁਗਿਣਤੀ ਦੀ ਗੁਲਾਮੀ ਬਰਕਰਾਰ ਰਹਿੰਦੀ ਹੈ। **ਇਸ ਲਈ ਜਿਹੜੇ ਬੁੱਧੀਜੀਵੀ ਦਲਿਤਾਂ ਦੀ ਵਿਵਸਥਾ ਦੁਆਰਾ ਕੋ-ਆਪਸ਼ਨ ਦੇ ਹੱਕ ਵਿੱਚ ਹਨ। ਉਹ ਵੱਡੀ ਬਹੁਗਿਣਤੀ ਦਲਿਤ ਆਬਾਦੀ ਦੀ ਲੁੱਟ ਅਤੇ ਜਬਰ ਦੇ ਹੱਕ ਵਿੱਚ ਵੀ ਹਨ।**

ਤੀਜੇ ਹਨ ਅਨੰਦ ਤੇਲਤੁੰਬੜੇ। ਉਹਨਾਂ ਦਲਿਤ ਵਰਕਰ ਸਟੇਟ ਦਾ ਇਕ ਨਵਾਂ ਸਿਧਾਂਤ ਦਿੱਤਾ ਹੈ। ਉਹਨਾਂ ਦਾ ਕਹਿਣਾ ਹੈ ਕਿ ਜਾਤੀ ਅਤੇ ਜਮਾਤੀ ਲੁੱਟ ਵਿਰੁੱਧ ਲੜਾਈ ਅਤੇ ਦਲਿਤ ਵਰਕਰ ਸਟੇਟ ਬਣਾਉਣ ਦੇ ਸੰਘਰਸ਼ 'ਚ ਵਿੱਚ ਹਿਰਾਵਲ ਭੂਮਿਕਾ ਦਲਿਤਾਂ ਦੀ ਹੋਵੇਗੀ ਕਿਉਂਕਿ ਉਹ 'ਸਭ ਤੋਂ ਜ਼ਿਆਦਾ ਪ੍ਰੋਲੇਤਾਰੀ' ਹਨ। ਦਲਿਤ ਵਰਕਰ ਸਟੇਟ ਬੁਰਜੂਆ ਸਟੇਟ ਅਤੇ ਪ੍ਰੋਲੇਤਾਰੀ ਦੀ ਤਾਨਾਸ਼ਾਹੀ ਤੋਂ ਕਿਵੇਂ ਭਿੰਨ ਹੋਵੇਗੀ, ਇਸਦਾ ਉਹ ਕੋਈ ਖੁਲਾਸਾ ਨਹੀਂ ਕਰਦੇ। ਜਾਤੀ ਅਤੇ ਜਮਾਤੀ ਲੁੱਟ ਵਿਰੁੱਧ ਲੜਾਈ ਵਿੱਚ ਸਿਰਫ਼ ਦਲਿਤਾਂ ਦੀ ਹਿਰਾਵਲ ਭੂਮਿਕਾ ਕਿਵੇਂ ਬਣ ਸਕਦੀ ਹੈ? ਦੇਖਿਆ ਜਾਵੇ ਤਾਂ ਅੱਜ ਭਾਰਤ ਦੀ ਮਜ਼ਦੂਰ ਜਮਾਤ ਮਿਲੀ ਜੁਲੀ ਹੈ, ਇਸ ਵਿੱਚ ਦਲਿਤ ਮਜ਼ਦੂਰ ਵੀ ਹਨ, ਮੱਧ ਜਾਤੀਆਂ ਅਤੇ ਸਵਰਨ ਜਾਤੀਆਂ ਨਾਲ਼ ਸਬੰਧ ਮਜ਼ਦੂਰ ਵੀ ਹਨ। ਸਨਅਤੀ ਮਜ਼ਦੂਰਾਂ ਵਿੱਚ ਤਾਂ ਮੱਧ ਜਾਤੀਆਂ ਨਾਲ਼ ਸਬੰਧਤ ਮਜ਼ਦੂਰ ਬਹੁਤ ਵੱਡੀ ਗਿਣਤੀ ਵਿੱਚ ਹਨ। ਕੀ ਸਵਰਨ ਅਤੇ ਮੱਧ ਜਾਤੀਆਂ ਨਾਲ਼ ਸਬੰਧਤ ਮਜ਼ਦੂਰਾਂ ਨੂੰ ਛੱਡ ਕੇ ਸਿਰਫ਼ ਦਲਿਤ ਮਜ਼ਦੂਰਾਂ ਦੇ ਦਮ 'ਤੇ ਕੋਈ ਲੜਾਈ ਲੜੀ ਜਾ ਸਕਦੀ ਹੈ? ਕੀ ਸਿਰਫ਼ ਦਲਿਤ ਮਜ਼ਦੂਰਾਂ ਨੂੰ ਅਲੱਗ ਤੋਂ ਜਥੇਬੰਦ ਵੀ ਕੀਤਾ ਜਾ ਸਕਦਾ ਹੈ? ਜੇ ਅਜਿਹਾ ਕੀਤਾ ਵੀ ਜਾ ਸਕੇ ਤਾਂ ਇਸ ਦਾ ਨਤੀਜਾ ਕੀ ਨਿਕਲੇਗਾ? ਮਜ਼ਦੂਰ

ਲਹਿਰ ਵਿੱਚ ਫੁੱਟ।

ਕੁੱਲ ਮਿਲਾ ਕੇ ਦੇਖਿਆ ਜਾਵੇ ਤਾਂ ਅੱਜ ਦੇ ਦਲਿਤਵਾਦੀ ਸਿਧਾਂਤਕਾਰ ਕੋਲ ਦਲਿਤਾਂ ਦੀ ਮੁਕਤੀ ਦਾ ਕੋਈ ਪ੍ਰੋਗਰਾਮ ਨਹੀਂ ਹੈ। ਬਸ ਇਸੇ ਢਾਂਚੇ ਵਿੱਚ ਨਿੱਕੇ ਮੋਟੇ ਸੁਧਾਰਾਂ ਅਤੇ ਕੁਝ ਹਵਾਈ ਯੋਜਨਾਵਾਂ ਹੀ ਉਹ ਦਲਿਤਾਂ ਅੱਗੇ ਪਰੋਸ ਰਹੇ ਹਨ।

ਦੂਜੇ ਪਾਸੇ ਇਸੇ ਸਮੇਂ ਦੌਰਾਨ ਕਮਿਊਨਿਸਟ ਹਲਕਿਆਂ 'ਚ ਵੀ ਭਾਰਤ ਵਿੱਚ ਜਾਤ-ਪਾਤ ਦਾ ਸਵਾਲ ਬੜੇ ਜ਼ੋਰ ਸ਼ੋਰ ਨਾਲ਼ ਉੱਠਿਆ। ਕੁਝ ਗਰੁੱਪਾਂ ਨੇ ਇਹ ਰੀਵਿਊ ਪੇਸ਼ ਕੀਤਾ ਕਿ ਕਿਉਂਕਿ ਅੱਜ ਤੱਕ ਕਮਿਊਨਿਸਟਾਂ ਨੇ ਜਾਤ ਦੇ ਸਾਵਲ ਨੂੰ ਨਾ ਤਾਂ ਠੀਕ ਢੰਗ ਨਾਲ਼ ਸਮਝਿਆ ਹੈ ਅਤੇ ਨਾ ਹੀ ਇਸ ਨੂੰ ਖਤਮ ਕਰਨ ਦੀ ਲੜਾਈ ਲੜੀ, ਇਸ ਕਰਕੇ ਇਥੇ ਇਨਕਲਾਬੀ ਲਹਿਰ ਵਿਕਾਸ ਨਹੀਂ ਕਰ ਸਕੀ। ਸ਼ਾਇਦ ਸਭ ਤੋਂ ਪਹਿਲਾਂ 1996-97 'ਚ ਇਹ ਸਵਾਲ ਸੀ. ਪੀ. ਆਈ. (ਐੱਮ. ਐੱਲ) ਜਨਸ਼ਕਤੀ ਦੀ ਲੀਡਰਸ਼ਿਪ ਦੇ ਇਕ ਧੜੇ ਨੇ ਉਠਾਇਆ ਸੀ। ਇਸ ਦੀ ਲੀਡਰਸ਼ਿਪ ਦਾ ਇਕ ਹਿੱਸਾ ਬਾਅਦ ਵਿੱਚ ਜਾਤ ਅਧਾਰਿਤ ਜਥੇਬੰਦੀਆਂ ਤੱਕ ਬਣਾਉਣ ਦੀ ਵਕਾਲਤ ਕਰਨ ਲੱਗਾ। ਇਸ ਤੋਂ ਬਾਅਦ ਜਲਦੀ ਹੀ ਇਹ ਪਾਰਟੀ ਖਿੰਡ ਖੱਪਰ ਗਈ।

ਭਾਰਤ ਦੀ ਕਮਿਊਨਿਸਟ ਲੀਗ (ਮ. ਲ.) ਦੇ ਇੱਕ ਗਰੁੱਪ ਨੇ 1999 'ਚ ਇਹੋ ਸਵਾਲ ਉਠਾਇਆ। ਭਾਰਤ ਵਿੱਚ ਸਮਾਜਵਾਦੀ ਇਨਕਲਾਬ ਅੱਜ ਇਹਨਾਂ ਦੇ ਏਜੰਡੇ 'ਚੋਂ ਗਾਇਬ ਹੋ ਚੁੱਕਾ ਹੈ। ਅੱਜ ਇਸ ਗਰੁੱਪ ਦੇ ਬਚੇ ਖੁਚੇ ਲੋਕ ਐੱਨ. ਜੀ. ਓ. ਰਾਜਨੀਤੀ, ਪਹਿਚਾਣ ਦੀ ਰਾਜਨੀਤੀ ਦੀ ਖੇਡ ਖੇਡ ਰਹੇ ਹਨ। ਆਪਣੀਆਂ ਇਹਨਾਂ ਗਤੀਵਿਧੀਆਂ ਨੂੰ ਇਕ ਸਿਧਾਂਤਕ ਅਧਾਰ ਦੇਣ ਵਾਸਤੇ ਇਕ ਨਾਯਾਬ ਸਿਧਾਂਤ ਵਿਕਸਿਤ ਕੀਤਾ ਹੈ। ਇਹਨਾਂ ਦਾ ਕਹਿਣਾ ਹੈ ਕਿ ਕਿਉਂਕਿ ਹੁਣ ਪੂੰਜੀਵਾਦ ਬਹੁਤ ਜਟਿਲ ਹੋ ਚੁੱਕਾ ਹੈ, ਇਸ ਲਈ ਹੁਣ ਜਮਾਤੀ ਸੰਘਰਸ਼ ਫੈਕਟਰੀ ਗੇਟ ਅਤੇ ਖੇਤਾਂ ਵਿੱਚ ਨਹੀਂ ਹੋਵੇਗਾ। ਇਹ ਹੁਣ 'ਨਵੇਂ ਸਮਾਜਿਕ ਅੰਦੋਲਨਾਂ' ਦੇ ਰੂਪ ਵਿੱਚ ਸਾਹਮਣੇ ਆਵੇਗਾ। ਜਿਵੇਂ ਕਿ ਦਲਿਤ ਅੰਦੋਲਨ, ਜੈਂਡਰ ਅੰਦੋਲਨ, ਵਾਤਾਵਰਣ ਅੰਦੋਲਨ ਆਦਿ। ਇਹਨਾਂ ਦਾ ਇਹ ਸਿਧਾਂਤ ਇਹਨਾਂ ਨੂੰ ਆਪਣੇ ਤਰਕਸ਼ੀਲ ਨਤੀਜੇ 'ਤੇ ਲੈ ਗਿਆ। ਇਥੇ ਇਕ ਹੋਰ ਰੁਝਾਨ ਦੀ ਚਰਚਾ ਅਸੀਂ ਕਰਾਂਗੇ ਜਿਹਨਾਂ ਦੀ ਜਾਤ ਦੇ ਸਵਾਲ 'ਤੇ ਪੋਜ਼ੀਸ਼ਨ ਉਪਰੋਕਤ ਦੋਹਾਂ ਰੁਝਾਨਾਂ ਤੋਂ ਭਿੰਨ ਹੈ। ਇਹ ਰੁਝਾਨ ਹੈ ਸੀ. ਪੀ. ਆਈ. (ਮ. ਲ.) ਲਿਬਰੇਸ਼ਨ ਦਾ। ਭਾਰਤ ਵਿੱਚੋਂ ਜਾਤ ਪ੍ਰਥਾ ਖਤਮ ਕਰਨ ਲਈ ਇਸ ਨੇ ਇਕ ਅਨੂਠਾ ਸਿਧਾਂਤ ਦਿੱਤਾ ਹੈ। ਇਸ ਪਾਰਟੀ ਦੇ ਮਰਹੂਮ ਆਗੂ ਵਿਨੋਦ ਮਿਸ਼ਰਾ ਦਾ ਕਹਿਣਾ ਹੈ:

> "ਮੈਂ ਪਹਿਲਾਂ ਕਿਹਾ ਸੀ, ਕਿ ਜਾਤੀ ਵਿਵਸਥਾ ਇਕ ਖਾਸ ਪੈਦਾਵਾਰੀ ਢੰਗ ਅਤੇ ਉਸ ਦੇ ਅਨੁਸਾਰੀ ਪੈਦਾਵਾਰੀ ਸਬੰਧਾਂ ਦੇ ਸਤਰ ਦੀ ਪੈਦਾਵਾਰ ਸੀ। ਇਸਦਾ ਖਾਤਮਾ ਵੀ ਪੈਦਾਵਾਰ ਦੇ ਢੰਗ ਅਤੇ ਪੈਦਾਵਾਰੀ ਸ਼ਕਤੀਆਂ ਦੇ ਉਚੇਰੇ ਪੱਧਰ 'ਤੇ ਹੀ ਹੋ ਸਕੇਗਾ। ਮੈਂ ਕਿਹਾ ਸੀ ਕਿ ਪੂੰਜੀਵਾਦ ਦਾ ਬੇਰੋਕ-ਟੋਕ ਵਿਕਾਸ ਜੋ ਗੈਰ-ਆਰਥਿਕ ਜਬਰ ਦਾ ਖਾਤਮਾ ਕਰਦਾ ਹੈ, ਜੋ ਜਮਾਤ ਨੂੰ ਪੈਦਾਵਾਰੀ ਢੰਗ

ਦਾ ਸਿੱਧਾ ਸਾਲਸ ਬਣ ਦਿੰਦਾ ਹੈ, ਇਸ ਲਈ ਇਸ ਵਿੱਚ ਜਾਤ ਨੂੰ ਖਤਮ ਕਰਨ ਦੀ ਵੀ ਵਿਸ਼ਾਲ ਸੰਭਾਵਨਾ ਹੈ।(Vinod Mishra, More on Antithesis of Caste and Class, VM Selected Works, PP 187)

ਜਾਤ ਦੇ ਸਾਵਲ 'ਤੇ ਵਿਨੋਦ ਮਿਸ਼ਰਾ ਦਾ ਇਹ ਕਥਨ ਸੀ. ਪੀ. ਆਈ. (ਮ. ਲ.) ਲਿਬਰੇਸ਼ਨ ਦਾ ਮਾਰਗ ਦਰਸ਼ਕ ਸਿਧਾਂਤ ਹੈ। ਇਹ ਕੌਮੀ ਲਹਿਰ ਵੇਲੇ ਦੀ ਸੀ. ਪੀ. ਆਈ. ਦੇ ਆਰਥਿਕ ਨਿਰਧਾਰਨਵਾਦ ਦਾ ਨਵਾਂ ਐਡੀਸ਼ਨ ਹੈ। ਇਸ ਦਾ ਮਤਲਬ ਹੈ ਅਰਥ ਵਿਵਸਥਾ 'ਚ ਬਦਲਾਅ ਬਾਕੀ ਸਭ ਕੁਝ ਨੂੰ ਪੱਧਰ ਕਰ ਦਿੰਦਾ ਹੈ। ਇਹ ਜਾਤ ਨੂੰ ਸਿਰਫ਼ ਇਕ ਆਰਥਿਕ ਕੈਟਾਗਰੀ ਦੇ ਰੂਪ ਵਿੱਚ ਦੇਖਣਾ ਹੈ। ਸਮਾਜਿਕ ਸੱਭਿਆਚਾਰਕ ਉੱਚ ਉਸਾਰ ਦੇ ਖੇਤਰ ਵਿੱਚ ਜਾਤ ਪਾਤੀ ਸੰਸਕਾਰਾਂ ਅਤੇ ਵਿਤਕਰਿਆਂ ਨੂੰ ਦੇਖਣ ਤੋਂ ਇਨਕਾਰ ਕਰਨਾ ਹੈ। ਇਹ ਚੀਜ਼ਾਂ ਨੂੰ ਦੇਖਣ ਦੀ ਇਕ ਗੈਰ-ਦਵੰਦਾਤਮਕ ਪੱਧਤੀ ਤੋਂ ਉਪਜਿਆ ਇਕ ਭਰਮ ਹੈ। ਇਹ ਵਰਤਾਰੇ ਦੇ ਸਿਰਫ਼ ਇਕ ਪੱਖ ਨੂੰ ਦੇਖਦਾ ਹੈ ਕਿ ਪੂੰਜੀਵਾਦ ਅਤੀਤ ਦੀਆਂ ਸੰਰਚਨਾਵਾਂ ਨੂੰ ਤੋੜਦਾ ਹੈ, ਇਹ ਵਰਤਾਰੇ ਦੂਜੇ ਪੱਖ ਕਿ ਪੂੰਜੀਵਾਦ ਅਤੀਤ ਦੀਆਂ ਸੰਰਚਨਾਵਾਂ ਨੂੰ ਕੋ-ਆਪਟ ਵੀ ਕਰਦਾ ਹੈ, ਦੀ ਅਣਦੇਖੀ ਕਰਦਾ ਹੈ। ਵਿਨੋਦ ਮਿਸ਼ਰਾ ਦੇ ਉੱਪਰ ਦਿੱਤੇ ਹਵਾਲੇ ਵਿੱਚ ਆਈਆਂ ਟਰਮਾਂ ਪੈਦਾਵਾਰੀ ਸ਼ਕਤੀਆਂ, ਪੈਦਾਵਾਰੀ ਰਿਸ਼ਤੇ ਅਤੇ ਪੈਦਾਵਾਰੀ ਢੰਗ ਆਦਿ ਵਿੱਚ ਕਈ ਸਿਧਾਂਤਕ ਗਲਤੀਆਂ ਹਨ। ਪਰ ਇੱਥੇ ਅਸੀਂ ਇਹਨਾਂ ਦੀ ਅਲੋਚਨਾ ਵਿੱਚ ਨਹੀਂ ਜਾ ਸਕਾਂਗੇ।

ਦਲਿਤ ਮੁਕਤੀ ਅਤੇ ਜ਼ਮੀਨੀ ਸੁਧਾਰਾਂ ਦਾ ਸਵਾਲ

ਚੰਦਰ ਭਾਨ ਪ੍ਰਸਾਦ, ਅਨੰਦ ਤੇਲਤੁੰਬੜੇ ਅਤੇ ਹੋਰ ਦਲਿਤਵਾਦੀ ਬੁੱਧੀਜੀਵੀਆਂ ਤੋਂ ਲੈਕੇ, ਦਿਗਵਿਜੇ ਸਿੰਘ ਦੇ ਭੋਪਾਲ ਐਲਾਨਨਾਮੇ ਤੱਕ, ਸੀ. ਪੀ. ਆਈ. (ਮ. ਲ.) ਲਿਬਰੇਸ਼ਨ, ਨਿਊ ਡੈਮੋਕਰੇਸੀ, ਸੀ. ਪੀ. ਆਈ (ਮਾਓਵਾਦੀ) ਤੱਕ ਸਭ ਇਸ ਗੱਲ ਉੱਪਰ ਇਕ ਮਤ ਹਨ ਕਿ ਭਾਰਤ ਵਿੱਚ ਦਲਿਤ ਮੁਕਤੀ ਦੇ ਪ੍ਰੋਜੈਕਟ ਵਿੱਚ ਜ਼ਮੀਨੀ ਸੁਧਾਰਾਂ, ਜਾਂ ਜ਼ਮੀਨ ਦੀ ਵੰਡ ਇਕ ਕੇਂਦਰੀ ਮਹੱਤਵ ਦਾ ਸਵਾਲ ਹੈ। ਇਹ ਦਲਿਤਾਂ ਵਿੱਚ ਜ਼ਮੀਨਾਂ ਦੀ ਵੰਡ ਕਰਕੇ ਉਹਨਾਂ ਨੂੰ ਆਜ਼ਾਦ ਜਿਣਸ ਉਤਪਾਦਕਾਂ 'ਚ ਬਦਲਣਾ ਚਾਹੁੰਦੇ ਹਨ। ਜੋ ਕਿ ਅੱਜ ਦੇ ਸਮੇਂ ਵਿੱਚ ਮੁਮਕਿਨ ਨਹੀਂ ਕਿਉਂਕਿ ਅੱਜ ਖੇਤੀ ਵਿੱਚ ਪੂੰਜੀਵਾਦੀ ਵਿਕਾਸ ਇਸ ਹੱਦ ਤੱਕ ਵਿਕਸਿਤ ਹੋ ਚੁੱਕਾ ਹੈ, ਕਿ ਇਸ ਦੀ ਬਦੌਲਤ ਕਿਸਾਨੀ ਦਾ ਜੋ ਵਿਭੇਦੀਕਰਨ ਹੋ ਰਿਹਾ ਉਸ ਕਾਰਨ ਗਰੀਬ ਅਤੇ ਇੱਥੋਂ ਤੱਕ ਕਿ ਦਰਮਿਆਨੀ ਕਿਸਾਨੀ ਦੇ ਇੱਕ ਹਿੱਸੇ ਤੱਕ ਦਾ ਖੇਤੀ ਵਿੱਚ ਟਿਕ ਸਕਣ ਮੁਸ਼ਕਿਲ ਹੋ ਗਿਆ ਹੈ। ਅੱਜ ਕਿਸਾਨੀ ਦਾ ਵੱਡਾ ਹਿੱਸਾ ਤੇਜ਼ੀ ਨਾਲ਼ ਪ੍ਰੋਲੇਤਾਰੀ ਬਣਦਾ ਜਾ ਰਿਹਾ ਹੈ। ਅਜਿਹੀ ਸਥਿਤੀ ਵਿੱਚ ਜ਼ਮੀਨਾਂ ਵੰਡਣ ਦਾ ਨਾਹਰਾ ਦਲਿਤਾਂ (ਅਤੇ ਹੋਰਾਂ ਜਾਤਾਂ ਦੇ ਭੂਮੀਹੀਣ ਗਰੀਬਾਂ) ਦੀ ਮੁਕਤੀ ਦੀ ਦਿਸ਼ਾ ਵਿੱਚ ਇਕ ਕਦਮ ਅੱਗੇ ਵਧਣ ਵਿੱਚ ਸਹਾਈ ਨਹੀਂ ਹੋ ਸਕਦਾ। ਉਲਟਾ ਇਹ ਉਹਨਾਂ ਦੀ ਗੁਲਾਮੀ ਦਾ ਹੀ

ਸਾਧਨ ਬਣੇਗਾ। ਇਸ ਦੀ ਵਜ੍ਹਾ ਇਹ ਹੈ ਕਿ ਜ਼ਮੀਨ ਦੇ ਛੋਟੇ-ਛੋਟੇ ਟੁਕੜਿਆਂ ਤੋਂ ਉਹ ਸਿਰਫ਼ ਆਪਣੀ ਉਜ਼ਰਤ ਦਾ ਹੀ ਇੱਕ ਹਿੱਸਾ ਹਾਸਲ ਕਰਨਗੇ। ਇਸ ਨਾਲ਼ ਮਾਲਕ ਜਮਾਤਾਂ ਨੂੰ ਉਜ਼ਰਤਾਂ ਘਟਾਉਣ ਦਾ ਮੌਕਾ ਮਿਲੇਗਾ ਅਤੇ ਨਿਗੂਣੀ ਜਿਹੀ ਜਾਇਦਾਦ ਦੇ ਮਾਲਕ ਬਣਕੇ ਮਜ਼ਦੂਰ ਉਹਨਾਂ ਥਾਵਾਂ ਵੱਲ ਹਿਜ਼ਰਤ ਨਹੀਂ ਕਰ ਸਕਣਗੇ, ਜਿੱਥੇ ਉਜ਼ਰਤਾਂ ਵਧੇਰੇ ਹੁੰਦੀਆਂ ਹਨ। ਇਹ ਪੂੰਜੀਵਾਦੀ ਸਮਾਜ ਦੇ ਜਮਾਤੀ ਧਰੁਵੀਕਰਨ ਨੂੰ ਰੋਕ ਕੇ ਇਸੇ ਪ੍ਰਬੰਧ ਦੀ ਉਮਰ ਲੰਬੀ ਕਰੇਗਾ। ਆਜ਼ਾਦੀ ਤੋਂ ਪਹਿਲਾਂ ਜਦੋਂ ਭਾਰਤੀ ਸਮਾਜ ਦਾ ਖਾਸਾ ਅਰਧ ਜਗੀਰੂ-ਬਸਤੀਵਾਦੀ ਸੀ, ਉਦੋਂ ਬੇਜ਼ਮੀਨਿਆਂ, ਥੁੜ੍ਹ ਜ਼ਮੀਨਿਆਂ ਵਿੱਚ ਜ਼ਮੀਨ ਦੀ ਵੰਡ ਇੱਕ ਇਨਕਲਾਬੀ ਨਾਹਰਾ ਸੀ ਅਤੇ ਉਸ ਸਮੇਂ ਹੋਣ ਵਾਲੇ ਨਵ ਜਮਹੂਰੀ ਇਨਕਲਾਬ ਦਾ ਕੇਂਦਰੀ ਨਾਹਰਾ ਇਹੋ ਹੋ ਸਕਦਾ ਸੀ। ਪਰ ਇਸ ਨੂੰ ਅੱਜ ਦੀਆਂ ਹਾਲਤਾਂ 'ਤੇ ਲਾਗੂ ਕਰਨਾ ਇਕ ਯੂਟੋਪੀਆਈ ਅਤੇ ਪਿਛਾਖੜੀ ਕਦਮ ਹੈ। ਅੱਜ ਭਾਰਤ ਸੰਪੱਤੀ ਦੀ ਵੰਡ ਦੇ ਪੜਾਅ ਤੋਂ ਬਹੁਤ ਅੱਗੇ ਲੰਘ ਆਇਆ ਹੈ। ਅੱਜ ਦੇ ਭਾਰਤ ਵਿੱਚ ਸੰਪੱਤੀ ਦਾ ਸਮੂਹੀਕਰਨ, ਸਮਾਜੀਕਰਨ ਹੀ ਮਜ਼ਦੂਰਾਂ ਅਤੇ ਹੋਰ ਕਿਰਤੀਆਂ ਦੀ ਮੁਕਤੀ ਦਾ ਨਾਹਰਾ ਅਤੇ ਮਾਰਗ ਹੋ ਸਕਦਾ ਹੈ।

ਜਾਤੀ ਵਿਵਸਥਾ ਦਾ ਖਾਤਮਾ ਕਿਵੇਂ ?

1) ਜਾਤੀ ਵਿਵਸਥਾ ਦਾ ਪੂਰਨ ਖਾਤਮਾ ਭਾਰਤ ਵਿੱਚ ਪੂੰਜੀਵਾਦੀ ਪ੍ਰਬੰਧ ਦੇ ਖਾਤਮੇ ਨਾਲ ਅਟੁੱਟ ਰੂਪ ਵਿੱਚ ਜੁੜਿਆ ਹੋਇਆ ਹੈ। ਸਮਾਜਵਾਦੀ (ਲਗਾਤਾਰ ਕਮਿਊਨਿਜ਼ਮ ਦੀ ਦਿਸ਼ਾ ਵਿੱਚ ਵਧ ਰਹੇ) ਭਾਰਤ ਵਿੱਚ ਹੀ ਜਾਤ-ਪਾਤ ਸਮੇਤ ਹੋਰ ਹਰ ਤਰ੍ਹਾਂ ਦੀ ਲੁੱਟ ਅਤੇ ਦਾਬੇ ਦੇ ਖਾਤਮੇ ਲਈ ਬਿਹਤਰ ਹਾਲਤ ਪੈਦਾ ਹੋਣਗੇ। ਪਰ ਸਮਾਜਵਾਦ ਆਉਂਦਿਆਂ ਹੀ ਰਾਤੋ ਰਾਤ ਇਹ ਸਭ ਨਹੀਂ ਹੋ ਜਾਵੇਗਾ। ਜੋ ਲੋਕ ਇਸ ਦੇ ਉਲਟ ਸੋਚਦੇ ਹਨ ਉਹਨਾਂ ਨੂੰ ਯੂਟੋਪੀਆਈ ਸਮਾਜਵਾਦ ਦੇ ਦਾਇਰੇ 'ਚੋਂ ਬਾਹਰ ਨਿਕਲਣਾ ਚਾਹੀਦਾ ਹੈ। ਸਮਾਜਵਾਦ ਆਪਣੇ ਆਪ ਵਿੱਚ ਕੋਈ ਠਹਿਰੀ ਹੋਈ ਸਮਾਜ ਵਿਵਸਥਾ ਨਹੀਂ ਹੁੰਦਾ, ਇਹ ਤਾਂ ਪੂੰਜੀਵਾਦ ਤੋਂ ਕਮਿਊਨਿਜ਼ਮ ਤੱਕ ਦਾ ਇਕ ਸੰਗਰਾਂਦੀ ਦੌਰ ਹੁੰਦਾ ਹੈ। ਇਸ ਦੌਰਾਨ ਮਾਨਸਿਕ ਅਤੇ ਸਰੀਰਕ ਕਿਰਤ, ਪਿੰਡ ਅਤੇ ਸ਼ਹਿਰ, ਖੇਤੀ ਅਤੇ ਸਨਅਤ ਦਰਮਿਆਨ ਪਾੜੇ ਬਰਕਰਾਰ ਰਹਿੰਦੇ ਹਨ ਜੋ ਇਸ ਨੂੰ ਪੂੰਜੀਵਾਦ ਤੋਂ ਵਿਰਾਸਤ ਵਿੱਚ ਮਿਲਦੇ ਹਨ। ਇਥੇ ਪੁਰਾਣੇ ਸਮਾਜ ਦੇ ਵਿਚਾਰ ਅਤੇ ਸੱਭਿਆਚਾਰ ਅਜੇ ਬਚੇ ਰਹਿੰਦੇ ਹਨ। ਜਿਹਨਾਂ ਨੂੰ ਸਮਾਜਵਾਦ ਇਕ ਪ੍ਰਕਿਰਿਆ 'ਚ ਹੀ ਖਤਮ ਕਰ ਸਕਦਾ ਹੈ। ਇਸ ਦੌਰਾਨ ਪੂੰਜੀਵਾਦੀ ਮੁੜ ਬਹਾਲੀ ਦਾ ਖਤਰਾ ਲਗਾਤਾਰ ਬਣਿਆ ਰਹਿੰਦਾ ਹੈ। ਸਮਾਜਵਾਦ ਤੋਂ ਕਮਿਊਨਿਜ਼ਮ ਵੱਲ ਅੱਗੇ ਵਧਣ ਲਈ ਲਗਾਤਾਰ ਉਤਪਾਦਨ ਸਬੰਧਾਂ ਵਿੱਚ ਤਬਦੀਲੀ ਕਰਦੇ ਜਾਣਾ ਹੁੰਦਾ ਹੈ ਅਤੇ ਉੱਚ ਉਸਾਰ ਦੇ ਖੇਤਰ ਵਿੱਚ ਲਗਾਤਾਰ ਸੱਭਿਆਚਾਰਕ ਇਨਕਲਾਬ ਚਲਾਉਣਾ ਹੁੰਦਾ ਹੈ। (ਲਗਾਤਾਰ ਸੱਭਿਆਚਾਰਕ ਇਨਕਲਾਬ ਦੀ ਪ੍ਰਕਿਰਿਆ ਸਮਾਜਵਾਦ ਦੀ ਸਥਾਪਤੀ ਦੇ ਸੰਘਰਸ਼ ਦੌਰਾਨ

ਵੀ ਚਲਾਉਣੀ ਹੋਵੇਗੀ)। ਸਮਾਜਵਾਦ ਕਾਇਮ ਹੋਣ ਤੋਂ ਬਾਅਦ ਸਮਾਜਵਾਦ ਦਾ ਖਾਸ ਆਰਥਿਕ, ਸਿਆਸੀ, ਸੱਭਿਆਚਾਰਕ ਵਾਤਾਵਰਣ ਲੋਕਾਂ ਨੂੰ ਨਵੇਂ ਵਿਚਾਰ ਗ੍ਰਹਿਣ ਕਰਨ ਲਈ ਭੌਤਿਕ ਅਧਾਰ ਪ੍ਰਦਾਨ ਕਰੇਗਾ। ਅਨੇਕਾਂ ਨਵੀਆਂ-ਨਵੀਆਂ ਸਮਾਜਿਕ ਸੰਸਥਾਵਾਂ ਦੁਆਰਾ ਲੋਕ ਵਿੱਚ ਪੁਰਾਣੇ ਵਿਚਾਰਾਂ, ਸੰਸਕਾਰਾਂ, ਕਦਰਾਂ ਕੀਮਤਾਂ ਖਿਲਾਫ਼ ਸੰਘਰਸ਼ ਚਲਾਇਆ ਜਾਵੇਗਾ। ਸਮਾਜਵਾਦ ਅੰਦਰ ਨਵੇਂ ਮਾਹੌਲ ਵਿੱਚ ਜੋ ਨਵੀਂ ਪੀੜ੍ਹੀ ਪੈਦਾ ਹੋਵੇਗੀ, ਉਹ ਨਵੇਂ ਸੱਭਿਆਚਾਰ ਨੂੰ ਅਪਣਾ ਕੇ ਤੇਜ਼ੀ ਨਾਲ਼ ਅੱਗੇ ਵਧੇਗੀ। ਉਹ ਪੁਰਾਣੇ ਵਿਚਾਰਾਂ, ਸੱਭਿਆਚਾਰ ਤੋਂ ਬਹੁਤ ਹੱਦ ਤੱਕ ਮੁਕਤ ਹੋਵੇਗੀ।

2) ਸਮਾਜਵਾਦ ਦੀ ਸਥਾਪਤੀ ਦੀ ਲੜਾਈ ਦੇ ਦੌਰਾਨ ਹੀ ਕਮਿਊਨਿਸਟਾਂ ਨੂੰ ਲਗਾਤਾਰ ਸੱਭਿਆਚਾਰਕ ਇਨਕਲਾਬ (Prepetual Cultural Revolution) ਦੀ ਬੁਨਿਆਦ ਤਿਆਰ ਕਰਨੀ ਹੋਵੇਗੀ। ਸੱਭਿਆਚਾਰਕ ਇਨਕਲਾਬ ਦਾ ਮਤਲਬ ਇਹ ਨਹੀਂ ਹੈ ਕਿ ਰਾਜਸੀ ਸੱਤਾ ਜਿੱਤਣ ਤੋਂ ਬਾਅਦ ਹੀ ਇਹ ਪ੍ਰਕਿਰਿਆ ਚੱਲੇਗੀ। ਪ੍ਰੋਲੇਤਾਰੀ ਦੀ ਤਾਨਾਸ਼ਾਹੀ ਕਾਇਮ ਹੋਣ ਤੋਂ ਬਾਅਦ ਤੋਂ ਬਾਅਦ ਉੱਚ ਉਸਾਰ ਅੰਦਰ ਸੱਭਿਆਚਾਰਕ ਇਨਕਲਾਬ ਵੱਖਰੀ ਤਰ੍ਹਾਂ ਚਲਾਇਆ ਜਾਂਦਾ ਹੈ ਅਤੇ ਪ੍ਰੋਲੇਤਾਰੀ ਦੀ ਤਾਨਾਸ਼ਾਹੀ ਕਾਇਮ ਹੋਣ ਦੀ ਪ੍ਰਕਿਰਿਆ 'ਚ ਕਮਿਊਨਿਸਟ ਪਾਰਟੀ ਅੰਦਰ, ਇਸ ਦੇ ਪ੍ਰਭਾਵ ਖੇਤਰ ਅੰਦਰ, ਇਸਦੇ ਸਮਾਜਿਕ ਅਧਾਰਾਂ ਅੰਦਰ ਵੱਖਰੀ ਤਰ੍ਹਾਂ ਨਾਲ਼ ਚੱਲਦਾ ਹੈ। ਕੁਝ ਲੋਕ ਕੁਝ ਨਾਹਰੇ ਦੇਣ ਨੂੰ, ਕੁਝ ਇਨਕਲਾਬੀ ਐਜੀਟੇਸ਼ਨਲ ਗੀਤ, ਕਵਿਤਾਵਾਂ, ਨਾਟਕਾਂ ਨੂੰ ਹੀ ਸੱਭਿਆਚਾਰ ਦਾ ਨਾਂ ਦਿੰਦੇ ਹਨ। ਪਰ ਇਹ ਮਾਰਕਸਵਾਦੀ ਸੱਭਿਆਚਾਰ ਦਾ ਇਕ ਛੋਟਾ ਜਿਹਾ ਹਿੱਸਾ ਹੈ। ਮਾਰਕਸਵਾਦੀ ਸੱਭਿਆਚਾਰ ਲੋਕਾਂ ਦੀਆਂ ਜੜ੍ਹ ਹੋ ਚੁੱਕੀਆਂ ਮਾਨਤਾਵਾਂ, ਸੰਸਕਾਰਾਂ 'ਤੇ ਚੋਟ ਕਰਦਾ ਹੈ ਅਤੇ ਲੋਕਾਂ ਨੂੰ ਸੋਚਣ ਲਈ ਮਜਬੂਰ ਕਰਦਾ। ਸੱਭਿਆਚਾਰ ਦੇ ਖੇਤਰ ਅੰਦਰ ਜਮਾਤੀ ਸੰਘਰਸ਼ ਦੀ ਸ਼ੁਰੂਆਤ ਇਥੋਂ ਹੁੰਦੀ ਹੈ ਕਿ ਕਮਿਊਨਿਸਟ ਜਨਤਾ ਦੀ ਚੇਤਨਾ ਅੰਦਰ ਹਾਕਮ ਜਮਾਤ ਦੀ ਸੱਭਿਆਚਾਰਕ ਵਿਚਾਰਧਾਰਕ ਹੇਜੇਮਨੀ ਨੂੰ ਤੋੜਣ ਦੀ ਕੋਸ਼ਿਸ਼ ਕਰਦੇ ਹਨ। ਇਸ ਨਾਲ਼ ਲੋਕ ਤਿਲਮਿਲਾਉਂਦੇ ਹਨ ਪਰ ਕਿਉਂਕਿ ਕਮਿਊਨਿਸਟ ਸਿਆਸਤ ਅਤੇ ਆਰਥਿਕਤਾ ਦੇ ਖੇਤਰ 'ਚ ਲੋਕਾਂ ਦੇ ਬੁਨਿਆਦੀ ਹਿੱਤਾਂ ਨਾਲ਼ ਖੜਦੇ ਹਨ, ਇਸ ਲਈ ਲੋਕ ਕਮਿਊਨਿਸਟਾਂ ਨਾਲ ਖੜਨਗੇ। ਕਮਿਊਨਿਸਟ ਉਹਨਾਂ ਤੋਂ ਨਿੱਖੜ ਨਹੀਂ ਜਾਣਗੇ। ਜੇਕਰ ਸਮਾਜ ਦੀ ਬੁਨਿਆਦੀ ਵਿਰੋਧਤਾਈ ਦੀ ਸਾਡੀ ਸਮਝ ਸਹੀ ਹੈ। ਅਤੇ ਜੇਕਰ ਆਰਥਿਕ ਖੇਤਰ ਅਤੇ ਸਿਆਸੀ ਖੇਤਰ (Arena) ਵਿੱਚ ਸਾਡੇ ਪ੍ਰਾਪੇਗੰਡਾ, ਐਜੀਟੇਸ਼ਨ ਅਤੇ ਐਕਸ਼ਨ ਸਬੰਧੀ ਨਾਹਰੇ ਸਟੀਕ ਹਨ, ਤਾਂ ਸੱਭਿਆਚਾਰ ਦੇ ਖੇਤਰ ਵਿੱਚ ਸਾਨੂੰ ਲੋਕਾਂ ਨਾਲ਼ ਟਕਰਾਉਣਾ ਹੋਵੇਗਾ। ਪਰ ਭਾਰਤ ਦੀ ਕਮਿਊਨਿਸਟ ਲਹਿਰ ਵਿੱਚ ਸੱਭਿਆਚਾਰਕ ਖੇਤਰ ਦੇ ਜਮਾਤੀ ਸੰਘਰਸ਼ ਦੀ ਸਮਝ ਸਿਰੇ ਤੋਂ ਗਾਇਬ ਹੈ। ਇਨਕਲਾਬੀ ਪ੍ਰੋਲੇਤਾਰੀ ਸੱਭਿਆਚਾਰ ਦਾ ਪਹਿਲਾ ਕੰਮ ਹੈ ਕਿ ਲੋਕਾਂ ਦੇ ਦਿਲ ਦਿਮਾਗ ਵਿੱਚ ਹਾਕਮ ਜਮਾਤ ਦੇ ਵਿਚਾਰਾਂ ਅਤੇ ਸੱਭਿਆਚਾਰ ਦੀ ਜੋ ਹੇਜੇਮਨੀ ਹੈ, ਉਸ ਵਿਰੁੱਧ ਲਗਾਤਾਰ ਪ੍ਰਚਾਰ ਅਤੇ ਉਭਾਰਨ ਦੀ ਕਾਰਵਾਈ ਚਲਾਉਣਾ। ਇਸ ਕਾਰਜ ਦੀ ਅਣਦੇਖੀ ਕਰਕੇ, ਲੋਕਾਂ ਅੰਦਰ ਸਿਆਸੀ ਐਜੀਟੇਸ਼ਨ ਪੈਦਾ ਕਰਨ ਲਈ ਜੋ

ਜਜ਼ਬਾਤੀ ਸਾਹਿਤ ਦਾ ਇਸਤੇਮਾਲ ਕੀਤਾ ਜਾਂਦਾ ਹੈ ਕੁਝ ਲੋਕ ਇਸੇ ਨੂੰ ਆਪਣਾ ਸੱਭਿਆਚਾਰਕ ਕੰਮ ਸਮਝਦੇ ਹਨ। ਇਹ ਸੱਭਿਆਚਾਰਕ ਇਨਕਲਾਬ ਹੈ ਹੀ ਨਹੀਂ। ਸੱਭਿਆਚਾਰਕ ਇਨਕਲਾਬ ਤਾਂ ਲੋਕਾਂ ਦੇ ਮਨਾਂ ਅੰਦਰ ਘਰ ਕਰੀ ਬੈਠੀਆਂ ਹਾਕਮ ਜਮਾਤ ਦੀਆਂ ਮਾਨਤਾਵਾਂ 'ਤੇ ਚੋਟ ਕਰਨਾ ਹੈ ਅਤੇ ਉਹਨਾਂ ਦੇ ਸਭ ਪੁਰਾਣੇ ਵਿਚਾਰਾਂ ਸੰਸਕਾਰਾਂ ਅਤੇ ਸੰਸਥਾਵਾਂ 'ਤੇ ਚੋਟ ਕਰਨਾ ਹੈ। ਪਰ ਇਹ ਵੀ ਯਾਦ ਰੱਖਣਾ ਹੋਵੇਗਾ ਕਿ ਇਸ ਖੇਤਰ ਵਿੱਚ ਕਮਿਊਨਿਸਟ ਰਾਤੋ ਰਾਤ ਮੈਦਾਨ ਫਤਿਹ ਨਹੀਂ ਕਰ ਸਕਦੇ।

ਸਮਾਜਵਾਦ ਲਿਆਉਣ ਦੀ ਪ੍ਰੀਕ੍ਰਿਆ ਵਿੱਚ ਕਮਿਊਨਿਸਟ ਪਾਰਟੀ ਅੰਦਰ, ਉਸ ਦੀ ਅਗਵਾਈ ਵਾਲੀਆਂ ਜਨਤਕ ਜਥੇਬੰਦੀਆਂ ਅੰਦਰ ਵੀ ਪੁਰਾਣੇ ਸੱਭਿਆਚਾਰ ਵਿਰੁੱਧ ਇਕ ਲੜਾਈ ਚੱਲੇਗੀ। ਬਦਲਵੇਂ ਸਮਾਜੀ ਢਾਂਚੇ ਦੇ ਭਰੂਣ ਕਮਿਊਨਿਸਟਾਂ ਨੂੰ ਹੀ ਤਿਆਰ ਕਰਨੇ ਹੋਣਗੇ। ਕਮਿਊਨਿਸਟਾਂ ਨੂੰ ਜਨਮ, ਮਰਨ, ਪਿਆਰ, ਵਿਆਹ ਆਦਿ ਹਰ ਚੀਜ਼ ਲਈ ਬਦਲਵੀਆਂ ਸੰਸਥਾਵਾਂ ਖੜ੍ਹੀਆਂ ਕਰਨੀਆਂ ਹੋਣਗੀਆਂ। ਕਮਿਊਨਿਸਟਾਂ ਨੂੰ ਆਪਣੇ ਨਿੱਜੀ ਜੀਵਨ ਵਿੱਚ ਜਾਤ-ਪਾਤ, ਧਰਮ ਆਦਿ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਰਸਮਾਂ ਅਤੇ ਪ੍ਰਤੀਕਾਂ ਦਾ ਤਿਆਗ ਕਰਕੇ, ਖੁਦ ਲੋਕਾਂ ਲਈ ਇੱਕ ਉਦਾਹਰਣ ਬਣਨਾ ਹੋਵੇਗਾ। ਇਸ ਨਾਲ਼ ਅਸਹਿਮਤ ਹੁੰਦਿਆਂ ਹੋਇਆ ਵੀ ਲੋਕਾਂ ਅੰਦਰ ਕਮਿਊਨਿਸਟਾਂ ਲਈ ਇੱਜ਼ਤ ਪੈਦਾ ਹੋਵੇਗੀ ਕਿ ਕਮਿਊਨਿਸਟ ਜੋ ਕਹਿੰਦੇ ਹਨ, ਉਹੀ ਕਰਦੇ ਵੀ ਹਨ, ਕਿ ਕਮਿਊਨਿਸਟ ਦੋਗਲੇ ਨਹੀਂ ਹਨ।

3) ਭਾਰਤ ਵਿੱਚ ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਦੇ ਏਜੰਡੇ 'ਤੇ ਸਭ ਤੋਂ ਉੱਪਰ ਜਿਹੜੇ ਸਵਾਲ ਹੋਣਗੇ, ਉਹ ਹਨ ਜਾਤ-ਪਾਤ ਅਤੇ ਮਰਦ ਸ਼ਾਵਨਵਾਦ (Male Chauvanism)। ਭਾਰਤ ਦਾ ਮਰਦ ਸ਼ਾਵਨਵਾਦ ਬੁਰਜੂਆ ਅਤੇ ਜਗੀਰੂ ਮਰਦ ਸਾਵਾਨਵਾਦ ਦਾ ਫਿਊਜਨ ਹੈ। ਇੱਥੇ ਅਮੀਰੀਕਾ ਦੇ ਨਾਰੀ ਵਿਰੋਧੀ ਵਿਗਾੜ ਅਤੇ ਭਾਰਤ ਦੇ ਨਾਰੀ ਵਿਰੋਧ ਨੇ ਮਿਲਕੇ ਇਕ ਭਿਆਨਕ ਹਾਲਤ ਪੈਦਾ ਕੀਤੀ ਹੈ।

4) ਜਾਤ ਪਾਤ ਵਿਰੁੱਧ ਲੜਨ ਦੇ ਨਾਂ ਉੱਤੇ ਜਾਤ ਅਧਾਰਿਤ ਜਥੇਬੰਦੀਆਂ ਬਣਾਉਣ ਦਾ ਕਮਿਊਨਿਸਟਾਂ ਨੂੰ ਵਿਰੋਧ ਕਰਨਾ ਚਾਹੀਦਾ ਹੈ। ਪਰ ਕਮਿਊਨਿਸਟਾਂ ਨੂੰ ਜਾਤ-ਪਾਤ ਤੋੜਨ ਮੰਡਲ ਬਣਾਉਣੇ ਚਾਹੀਦੇ ਹਨ। ਜਾਤੀਗਤ ਜਬਰ ਵਿਰੁੱਧ ਜੇਕਰ ਕੋਈ ਫਰੰਟ ਬਣਦਾ ਹੈ ਤਾਂ ਇਸ ਵਿੱਚ ਕਮਿਊਨਿਸਟ ਜਾਤ ਅਧਾਰਿਤ ਬਣੀਆਂ ਹੋਈਆਂ ਜਥੇਬੰਦੀਆਂ ਨਾਲ਼ ਸਾਂਝੀ ਸਰਗਰਮੀ ਕਰ ਸਕਦੇ ਹਨ।

5) ਕਮਿਊਨਿਸਟਾਂ ਨੂੰ ਅੰਤਰਜਾਤੀ ਵਿਆਹਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। (ਇਸੇ ਤਰ੍ਹਾਂ ਅੰਤਰ ਧਾਰਮਿਕ ਅਤੇ ਅੰਤਰ ਕੌਮੀ ਵਿਆਹਾਂ ਨੂੰ ਵੀ)। ਇਸਦੀ ਵਧੇਰੇ ਚਰਚਾ ਅਸੀਂ ਪਹਿਲਾਂ ਕਰ ਆਏ ਹਾਂ।

6) ਅੱਜ ਕਮਿਊਨਿਸਟ ਇਨਕਲਾਬੀ ਜਥੇਬੰਦੀ ਦਾ ਇੱਕ ਮਹੱਤਵਪੂਰਨ ਕਾਰਜ ਇਹ ਬਣਦਾ ਹੈ ਕਿ ਉਹ ਜਾਤੀ ਪ੍ਰਬੰਧ ਵਿਰੁੱਧ ਲਗਾਤਾਰ ਪ੍ਰਚਾਰ, ਉਭਾਰ, ਅੰਦੋਲਨ ਦਾ ਮਸਲਾ ਬਣਾਏ। ਉਸਦੀ ਅਗਵਾਈ ਵਾਲੀਆਂ ਜਨਤਕ ਜਥੇਬੰਦੀਆਂ ਖਾਸ ਕਰਕੇ

ਵਿਦਿਆਰਥੀ ਅਤੇ ਨੌਜਵਾਨ ਜਥੇਬੰਦੀਆਂ ਨੂੰ ਵੀ ਅਜਿਹਾ ਹੀ ਕਰਨਾ ਚਾਹੀਦਾ ਹੈ।

7) ਸਿਆਸੀ, ਆਰਥਿਕ ਸੰਘਰਸ਼ਾਂ ਅਤੇ ਸਮਾਜਿਕ ਲਹਿਰਾਂ ਵਿਚਲੀ ਦੂਰੀ ਨੂੰ ਖਤਮ ਕਰਨਾ ਹੋਵੇਗਾ। ਅੱਜ ਜਾਤ ਪਾਤ ਦੇ ਮੁੱਦੇ ਐੱਨ. ਜੀ. ਓ. ਵਾਲ਼ੇ ਅਤੇ ਪਹਿਚਾਣ ਦੀ ਰਾਜਨੀਤੀ ਵਾਲੇ ਉਠਾ ਰਹੇ ਹਨ। ਇਸ ਨੂੰ ਜਮਾਤੀ ਸੰਘਰਸ਼ ਦੇ ਬਰਕਸ ਖੜ੍ਹਾ ਕਰ ਦਿੰਦੇ ਹਨ। ਦੂਜੇ ਪਾਸੇ ਜਮਾਤੀ ਵਾਲੇ ਇਸ ਨੂੰ ਐੱਨ. ਜੀ. ਓ. ਅਤੇ ਪਹਿਚਾਣ ਦੀ ਰਾਜਨੀਤੀ ਕਰਨ ਵਾਲਿਆਂ ਦੇ ਮੁੱਦੇ ਕਹਿ ਕੇ ਇਸ ਤੋਂ ਦੂਰੀ ਬਣਾ ਲੈਂਦੇ ਹਨ। ਇਸ ਨੂੰ ਜਮਾਤ ਸੰਘਰਸ਼ ਤੋਂ ਭਟਕਾਅ ਸਮਝਦੇ ਹਨ। ਇਹ ਬਹੁਤ ਖ਼ਤਰਨਾਕ ਹੈ।

ਇਥੇ ਅਸੀਂ ਜਾਤੀ ਵਿਵਸਥਾ ਦੇ ਖਾਤਮੇ ਬਾਰੇ ਆਪਣੇ ਕੁਝ ਅਣ-ਅੰਤਮ ਵਿਚਾਰ ਰੱਖੇ ਹਨ। ਅਸੀਂ ਚਾਹੁੰਦੇ ਹਾਂ ਕਿ ਇਸ ਉੱਪਰ (ਇਸੇ ਤਰ੍ਹਾਂ ਪੂਰੇ ਪੇਪਰ ਉੱਤੇ ਹੀ) ਖੁੱਲ੍ਹ ਕੇ ਬਹਿਸ ਹੋਵੇ, ਅਸੀਂ ਕਿਸੇ ਵੀ ਨਵੇਂ ਤਰਕਸੰਗਤ ਵਿਚਾਰ ਨਾਲ਼ ਆਪਣੀ ਪੋਜ਼ੀਸ਼ਨ ਨੂੰ ਹੋਰ ਵਿਕਸਿਤ ਕਰਨਾ ਚਾਹਾਂਗੇ। ਅਤੇ ਇਸ ਵਿੱਚ ਜੋ ਵੀ ਗਲਤ ਹੋਵੇ, ਗੱਲ ਜਚ ਜਾਣ 'ਤੇ ਉਸਨੂੰ ਬੜੀ ਫਰਾਖ਼ਦਿਲੀ ਨਾਲ਼ ਛੱਡ ਵੀ ਦਿਆਂਗੇ।

ਕੁੱਝ ਗੱਲਾਂ ਦਲਿਤ ਸਾਹਿਤ ਬਾਰੇ

ਦਲਿਤ ਸਾਹਿਤ ਦੀ ਇੱਕ ਮਹੱਤਵਪੂਰਨ ਪਰ ਬਚਕਾਨੀ ਧਾਰਨਾ ਇਹ ਹੈ ਕਿ ਦਲਿਤ ਹੀ ਦਲਿਤ ਬਾਰੇ ਲਿਖ ਸਕਦਾ ਹੈ। ਇਸ ਤਰਕ ਮੁਤਾਬਕ ਤਾਂ ਗੁਲਾਮ ਦੀ ਪੀੜਾ ਬਿਆਨ ਕਰਨ ਲਈ ਗੁਲਾਮ ਹੋਣਾ ਪਏਗਾ, ਮਜ਼ਦੂਰ ਦੀ ਪੀੜਾ ਬਿਆਨ ਕਰਨ ਲਈ ਮਜ਼ਦੂਰ ਅਤੇ ਔਰਤ ਦੀ ਪੀੜਾ ਦਾ ਬਿਆਨ ਕਰਨ ਲਈ ਪੁਰਸ਼ ਨੂੰ ਔਰਤ ਹੋਣਾ ਪਏ ਅਤੇ ਨਾਰੀ ਨੇ ਜੇ ਪੁਰਸ਼ ਦੀ ਪੀੜਾ ਬਿਆਨ ਕਰੀ ਤਾਂ ਉਸਨੂੰ ਪੁਰਸ਼ ਹੋਣਾ ਪਏਗਾ। ਵੇਸ਼ਵਾ ਦਾ ਦਰਦ ਬਿਆਨ ਕਰਨ ਲਈ ਵੇਸ਼ਵਾ ਬਣਨਾ ਪਏਗਾ ਅਤੇ ਅਜਿਹਾ ਹੀ ਹੋਰ ਬਹੁਤ ਕੁੱਝ।

ਇਹ ਪ੍ਰਕ੍ਰਿਤੀਵਾਦ ਹੈ (Naturalism)। 19ਵੀਂ ਸਦੀ ਦੇ ਅੰਤ ਵਿੱਚ ਯਥਾਰਥਵਾਦ ਦਾ ਵਿਰੋਧ ਕਰਨ ਲਈ ਇਕ ਪ੍ਰਕ੍ਰਿਤੀਵਾਦੀ ਨਜ਼ਰੀਆ ਸਾਹਮਣੇ ਆਇਆ। ਇਸਨੂੰ ਫੋਟੋਗ੍ਰਾਫਿਕ ਯਥਾਰਥਵਾਦ ਵੀ ਕਿਹਾ ਗਿਆ ਸੀ। ਚੀਜ਼ਾਂ ਦੇ ਹੂ-ਬ-ਹੂ ਚਿੱਤਰਣ ਕਰਨ ਨਾਲ਼ ਦੁਨੀਆਂ ਅੱਗੇ ਨਹੀਂ ਜਾਂਦੀ। ਜਿਵੇਂ ਜੇਕਰ ਕੋਈ ਦਲਿਤ ਆਪਣੇ ਭੋਗੇ ਹੋਏ ਯਥਾਰਥ ਨੂੰ ਲਿਖ ਦੇਂਦਾ ਹੈ ਤਾਂ ਉਸ ਵਿੱਚੋਂ ਕੋਈ ਦਲਿਤਾਂ ਦੀ ਮੁਕਤੀ ਦਾ ਰਾਹ ਨਹੀਂ ਨਿਕਲਦਾ। ਭਾਵੇਂ ਦਸ ਅਤਾਮਕਥਾਵਾਂ ਪੜ੍ਹ ਲਓ ਕੋਈ ਫਰਕ ਨਹੀਂ ਪੈਂਦਾ। ਸਭ ਦਾ ਤੱਤ ਇਕੋ ਹੈ, ਜਿਹਨਾਂ ਵਿੱਚ ਦਲਿਤ ਮੁਕਤੀ ਦਾ ਕੋਈ ਪ੍ਰੋਜੈਕਟ ਨਹੀਂ ਹੈ। ਦਲਿਤ ਮੁਕਤੀ ਦਾ ਕੋਈ ਪਰੋਜੈਕਟ ਨਾ ਤਾਂ ਅੰਬੇਡਕਰ ਕੋਲ ਹੈ ਅਤੇ ਨਾ ਹੀ ਪਹਿਚਾਣ ਦੀ ਰਾਜਨੀਤੀ ਕੋਲ। ਦਲਿਤ ਸਾਹਿਤ ਵਿੱਚ ਵੀ ਇਸੇ ਦਾ ਪ੍ਰੋਜੈਕਸ਼ਨ, ਮੈਨੀਫੈਸਟੇਸ਼ਨ ਅਤੇ ਰਿਫਲੈਕਸ਼ਨ ਹੁੰਦਾ ਹੈ। ਦਲਿਤ ਸਾਹਿਤ ਵਿੱਚ ਯਥਾਰਥ ਦੇ ਚਿੱਤਰਣ ਦੇ ਰੂਪ ਵਿੱਚ ਦਲਿਤਾਂ ਉੱਪਰ ਜਬਰ, ਉਹਨਾਂ ਦੇ

ਅਮਾਨਵੀਕਰਨ ਦਾ ਹਮੇਸ਼ਾ ਬਿਆਨ ਹੁੰਦਾ ਹੈ। ਜੇਕਰ ਇਹ ਕੰਮ ਓਮ ਪ੍ਰਕਾਸ਼ ਬਾਲਮੀਕੀ ਕਰਦਾ ਹੈ ਤਾਂ ਠੀਕ ਹੈ, ਪਰ ਜੇਕਰ ਪ੍ਰੇਮ ਚੰਦ ਆਪਣੀ ਕਹਾਣੀ 'ਕਫਨ' ਵਿੱਚ ਦਲਿਤਾਂ ਦੇ ਅਮਾਨਵੀਕਰਨ ਦਾ ਬਿਆਨ ਕਰ ਦਿੰਦਾ ਹੈ ਤਾਂ ਇਹ ਦਲਿਤਾਂ ਦਾ ਅਪਮਾਨ ਹੋ ਜਾਂਦਾ ਹੈ। ਕਫਨ ਦੀ ਵਜ੍ਹਾ ਨਾਲ਼ ਦਲਿਤ ਬੁੱਧੀਜੀਵੀ ਪ੍ਰੇਮ ਚੰਦ ਨੂੰ ਸਵਰਨ ਮਾਨਸਿਕਤਾ ਵਾਲਾ ਐਲਾਨ ਦਿੰਦੇ ਹਨ।

19ਵੀਂ ਸਦੀ 'ਚ ਐਮਿਲ ਜੋਲਾ ਤਾਂ ਪ੍ਰਕ੍ਰਿਤੀਵਾਦ ਤੋਂ ਅੱਗੇ ਵਧ ਗਏ। ਪਰ ਉਨ੍ਹਾਂ ਦੇ ਚੇਲਿਆਂ ਨੇ ਜੋ ਪ੍ਰਕ੍ਰਿਤੀਵਾਦ ਦਾ ਫਲਸਫਾ ਦਿੱਤਾ ਸੀ ਉਸੇ ਦਾ ਇਕ ਭੱਦਾ ਸੰਸਕਰਣ ਦਲਿਤ ਸਾਹਿਤ ਦੇ ਰੂਪ 'ਚ ਸਾਹਮਣੇ ਆਉਂਦਾ ਹੈ। ਉਹ ਬੱਸ ਦਲਿਤਾਂ ਦੀਆਂ ਜੀਵਨ ਹਾਲਤਾਂ ਦਾ ਚਿੱਤਰਣ ਕਰਦਾ ਹੈ ਅਤੇ ਇਹ ਦਾਅਵਾ ਕਰਦਾ ਹੈ ਕਿ ਸਿਰਫ਼ ਦਲਿਤ ਹੀ ਦਲਿਤ ਬਾਰੇ ਲਿਖ ਸਕਦਾ ਹੈ। ਯਥਾਰਥ ਨੂੰ ਦੇਖਣ ਦੇ ਲੂਕਾਚ ਦੋ ਤਰੀਕੇ ਦੱਸਦੇ ਹਨ। ਇੱਕ ਹੈ ਬਾਹਰੋਂ ਅਤੇ ਦੂਜਾ ਹੈ ਅੰਦਰੋਂ। ਅਸੀਂ ਇਸ ਨੂੰ ਪ੍ਰਕ੍ਰਿਤੀ ਵਿਗਿਆਨ ਦੇ ਹਿਸਾਬ ਨਾਲ਼ ਦੇਖੀਏ ਤਾਂ ਇਹ ਫਰੇਮ ਆਫ਼ ਰੈਫਰੈਂਸ ਦਾ ਸਵਾਲ ਹੈ ਕਿ ਅਸੀਂ ਕਿਹੜਾ ਫਰੇਮ ਆਫ਼ ਰੈਫਰੈਂਸ ਚੁਣਦੇ ਹਾਂ। ਅਸੀਂ ਯਥਾਰਥ ਨੂੰ ਭੋਗ ਕੇ ਲਿਖ ਸਕਦੇ ਹਾਂ ਅਤੇ ਅਸੀਂ ਯਥਾਰਥ ਦੇ ਇੱਕ ਬਰੀਕ (Minute) ਆਬਜ਼ਰਬਰ ਹੋ ਸਕਦੇ ਹਾਂ। ਜਿਵੇਂ ਅਸੀਂ ਯਥਾਰਥ ਦੇ ਕੁਝ ਰੂਪਾਂ ਨੂੰ ਭੋਗ ਕੇ ਜਾਣਿਆ ਹੈ, ਤਾਂ ਕੁਝ ਰੂਪਾਂ ਨੂੰ ਅਸੀਂ ਤਦਅਨੁਭੂਤੀ (Empathy) ਦੁਆਰਾ ਵੀ ਜਾਣ ਸਕਦੇ ਹਾਂ।

ਯਥਾਰਥਵਾਦ ਦੇ ਵੈਸੇ ਵੀ ਕਈ ਰੂਪ ਹੋ ਸਕਦੇ ਹਨ। ਸਤੇਂਦਾਲ ਅਤੇ ਦੋਸਤੋਵਸਕੀ ਜਦੋਂ ਯਥਾਰਥ ਦਾ ਚਿੱਤਰਣ ਕਰਦੇ ਹਨ ਤਾਂ ਪਾਤਰਾਂ ਦੇ ਮਨੋਜਗਤ ਦੀਆਂ ਗਹਿਰਾਈਆਂ 'ਚ ਉੱਤਰਦੇ ਹਨ, ਪਰ ਜਦੋਂ ਬਾਲਜ਼ਾਕ ਯਥਾਰਥ ਦਾ ਚਿੱਤਰਣ ਕਰਦੇ ਹਨ ਤਾਂ ਇੱਕ ਦੂਰੀ ਲੈ ਕੇ ਸਮਾਜੀ ਆਰਥਿਕ ਸਬੰਧਾਂ ਦੀ ਇਕ ਤਸਵੀਰ ਪੇਸ਼ ਕਰ ਦਿੰਦੇ ਹਨ। ਇਹਨਾਂ ਵਿੱਚੋਂ ਨਾ ਕੋਈ ਉੱਚਾ ਹੈ ਨਾ ਨੀਵਾਂ। ਜਾਰਜ ਸਾਂਦ ਇਸਤਰੀ ਦੀ ਪੀੜਾ ਨੂੰ ਦਿਖਾਉਂਦੀ ਹੈ। ਇਹ ਬਹੁਤ ਸ਼ਾਨਦਾਰ ਹੈ। ਬਰੌਂਟੇ ਭੈਣਾਂ ਇਸਤਰੀ ਦੀ ਪੀੜਾ ਨੂੰ ਦਿਖਾਉਂਦੀਆਂ ਹਨ। ਸ਼ਾਨਦਾਰ ਹੈ। ਪਰ ਤਾਲਸਤਾਏ ਉਹਨਾਂ ਤੋਂ ਕਿਸੇ ਤਰ੍ਹਾਂ ਨੀਵੇਂ ਨਹੀਂ ਹਨ। ਅਤੇ ਉਹ ਇਕ ਇਸਤਰੀ ਨਹੀਂ ਸਨ, ਪਰ ਇਸਤਰੀ ਦੀ ਯੁਗੀਨ ਪੀੜਾ ਨੂੰ ਦਰਸਾਉਂਦੇ ਹਨ। ਉਹ ਇਸਤਰੀ ਦੀ ਗੁਲਾਮੀ ਤੇ ਇਕ ਬਹੁਤ ਵੱਡਾ ਸਵਾਲ ਖੜਾ ਕਰ ਦਿੰਦੇ ਹਨ ਜੋ ਇਸਤਰੀ ਦੀ ਮੁਕਤੀ ਦੀ ਦਿਸ਼ਾ 'ਚ ਸੋਚਣ ਲਈ ਮਜਬੂਰ ਕਰ ਦਿੰਦਾ ਹੈ। ਇਸਤਰੀ ਦੀ ਘੁਟਨ, ਗੁਲਾਮੀ, ਪੀੜਾ ਨੂੰ ਤਾਲਸਤਾਏ ਨੇ ਕਿਸੇ ਵੀ ਇਸਤਰੀ ਲੇਖਿਕਾ ਤੋਂ ਕਿਤੇ ਬਿਹਤਰ ਢੰਗ ਨਾਲ਼ ਉਠਾਇਆ ਹੈ। ਮਾਰਕਸ ਨੇ ਕਿਹਾ ਸੀ ਕਿ ਕਈ ਵਾਰ ਯਥਾਰਥ ਦੇ ਪ੍ਰਤੀ ਕਲਾਕਾਰ ਦਾ ਹਠ ਏਨਾ ਭਾਰੂ ਹੋ ਜਾਂਦਾ ਹੈ ਕਿ ਉਹ ਆਪਣੇ ਸਿਆਸੀ ਨਿਹਚਿਆਂ ਦੇ ਖਿਲਾਫ ਹੀ ਲਿਖ ਜਾਂਦਾ ਹੈ, ਜਿਵੇਂ ਕਿ ਬਾਲਜਾਕ ਇਕ ਲੇਜਿਟਿਮਿਸਟ ਸਨ ਪਰ ਉਹਨਾਂ ਦਾ ਪੂਰਾ ਲੇਖਣ ਜਗੀਰਦਾਰੀ ਦੇ ਖਿੰਡਾਅ ਖੋਰੇ ਦਾ ਚਿੱਤਰਣ ਹੈ। ਜਗੀਰਦਾਰੀ ਦੇ ਲਾਜ਼ਮੀ ਇਤਿਹਾਸਕ ਖੋਰੇ ਖਿੰਡਾਅ ਦਾ ਅਵਸਾਦਪੂਰਨ ਚਿੱਤਰਣ ਹੈ। ਏਮਿਲ ਜੋਲਾ ਪ੍ਰਕ੍ਰਿਤੀਵਾਦੀ ਬਣਿਆ ਰਹਿਣਾ ਚਾਹੁੰਦੇ ਸਨ ਪਰ ਜਦੋਂ ਉਹ

ਮਜ਼ਦੂਰ ਜਮਾਤ ਦੀ ਜ਼ਿੰਦਗੀ ਦੇ ਨੇੜੇ ਗਏ, ਤਾਂ ਆਪਣੇ ਫਲਸਫੇ ਦੇ ਖਿਲਾਫ਼ ਚਲੇ ਗਏ। ਕਿਉਂਕਿ ਕਲਾਕਾਰ ਦੇ ਤੌਰ 'ਤੇ ਉਨ੍ਹਾਂ ਦਾ ਨਿਹਚਾ ਬਹੁਤ ਮਜਬੂਤ ਸੀ। ਜ਼ੋਲਾ ਤਾਂ ਇਸ ਤੋਂ ਅੱਗੇ ਜਾਕੇ ਸਮਾਜਵਾਦ ਦੇ ਫਲਸਫੇ ਦੇ ਨੇੜੇ ਤੇੜੇ ਜਾ ਰਹੇ ਸਨ, ਪਰ ਇਸ ਤੋ ਪਹਿਲਾਂ ਹੀ ਉਨ੍ਹਾਂ ਮੌਤ ਹੋ ਗਈ।

ਦਲਿਤ ਸਹੁਜ ਸ਼ਾਸਤਰ ਦੀ ਗੱਲ ਕਰੀਏ ਤਾਂ ਦਲਿਤ ਸਹੁਜ ਸ਼ਾਸਤਰ ਜਿਹੀ ਕੋਈ ਚੀਜ਼ ਹੈ ਹੀ ਨਹੀਂ। ਸਹੁਜ ਸ਼ਾਸਤਰ ਦਾ ਮਤਲਬ ਹੈ ਸੱਭਿਆਚਾਰ ਦੇ ਖੇਤਰ ਵਿੱਚ ਫਲਸਫਾ। ਦਲਿਤ ਸਾਹਿਤਕਾਰਾਂ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਦਲਿਤ ਸਹੁਜ ਸ਼ਾਸਤਰ ਦਾ ਫਲਸਫਾ ਕੀ ਹੈ ? ਦਲਿਤ ਸਹੁਜ ਸ਼ਾਸਤਰ ਦੀ ਪੱਧਤੀ ਕੀ ਹੈ ? ਤੁਸੀਂ ਕਹੋਗੇ ਕਿ ਦਲਿਤ ਹੀ ਦਲਿਤ ਦੇ ਜੀਵਨ ਦਾ ਚਿੱਤਰਣ ਕਰ ਸਕਦਾ ਹੈ, ਕਿਉਂਕਿ ਦਲਿਤਾਂ ਨੇ ਹੀ ਦਲਿਤਾਂ ਦੇ ਜੀਵਨ ਦਾ ਬਹੁਤ ਹੀ ਪ੍ਰਮਾਣਕ ਚਿੱਤਰਣ ਕੀਤਾ ਹੈ, ਇਸ ਲਈ ਸਾਡਾ ਸਹੁਜ ਸ਼ਾਸਤਰ ਵੱਖਰਾ ਹੈ। ਇਹ ਮਹਿਜ ਫਤਵੇਬਾਜ਼ੀ ਹੈ।

ਜਿਵੇਂ ਕਿ ਮਾਰਕਸਵਾਦੀ ਸਹੁਜ ਸ਼ਾਸਤਰ ਦੱਸਦਾ ਹੈ ਕਿ ਦਵੰਦਾਤਮਕ ਭੌਤਿਕਵਾਦ ਅਤੇ ਇਤਿਹਾਸਕ ਭੌਤਿਕਵਾਦ ਨੂੰ ਅਸੀਂ ਮਨੁੱਖੀ ਜੀਵਨ 'ਤੇ ਲਾਗੂ ਕਰਦੇ ਹਾਂ ਅਤੇ ਸੱਭਿਆਚਾਰਕ ਉੱਚ ਉਸਾਰ ਨੂੰ ਅਸੀਂ ਹੋਰਾਂ ਉੱਚ ਉਸਾਰਾਂ ਤੋਂ ਵੱਖਰਾ ਮੰਨਦੇ ਹਾਂ। ਅਸੀਂ ਇਹ ਦਿਖਾਉਂਦੇ ਹਾਂ ਕਿ ਮਨੁੱਖੀ ਜੀਵਨ ਦਾ ਸਹੁਜਤਮਕ ਪੱਖ ਉਸਦੇ ਵਸਤੂਗਤ ਯਥਾਰਥ ਤੋਂ ਕਿਵੇਂ ਨਿਕਲਦਾ ਹੈ। ਕੀ ਤੁਹਾਡਾ ਦਲਿਤ ਸਹੁਜ ਸ਼ਾਸਤਰ ਹੇਗੇਲੀਅਨ ਸਹੁਜ-ਸ਼ਾਸਤਰ ਅਤੇ ਮਾਰਕਸਵਾਦੀ ਸਹੁਜ-ਸ਼ਾਸਤਰ ਤੋਂ ਵੱਖਰਾ ਕੋਈ ਪ੍ਰਾਵਰਗ ਹੈ ? ਜੇ ਹੈ ਤਾਂ ਕਿਸ ਰੂਪ ਵਿੱਚ ? ਉਸਦਾ ਫਲਸਫਾ, ਉਸਦੀ ਪੱਧਤੀ ਕੀ ਹੈ ? ਵਿਚਾਰਵਾਦੀ ਜਾਂ ਭੌਤਿਕਵਾਦੀ ? ਦਵੰਦਵਾਦੀ ਜਾਂ ਅਧਿਆਤਮਵਾਦੀ ? ਸਹੁਜ ਸ਼ਾਸਤਰ ਦਾ ਕੇਵਲ ਇਕੋ ਮਤਲਬ ਹੈ — ਸੱਭਿਆਚਾਰ ਦੇ ਖੇਤਰ ਵਿੱਚ ਦਾਰਸ਼ਨਿਕ ਅਮੂਰਤੀਕਰਨ। ਦਲਿਤ ਸਾਹਿਤ ਦਾ ਦਾਰਸ਼ਨਿਕ ਅਮੂਰਤੀਕਰਨ ਕੀ ਹੈ ? ਬੁੱਧ ਦੇ ਫਲਸਫੇ ਤੋਂ ਕੀ ਤੁਸੀਂ ਕੋਈ ਦਾਰਸ਼ਨਿਕ ਅਮੂਰਤੀਕਰਨ ਕਰਦੇ ਹੋ ? ਅਤੇ ਜੋ ਕੁਝ ਤੁਸੀਂ ਕਹਿੰਦੇ ਹੋ ਉਹ ਕੀ ਹੈ ? ਏਮਿਲ ਜ਼ੋਲਾ ਨੇ ਆਪਣੇ ਸ਼ੁਰੂਆਤੀ ਦੌਰ ਵਿੱਚ ਆਪਣੇ ਕੁਝ ਸਾਥੀਆਂ ਨਾਲ ਮਿਲਕੇ ਜੋ 'ਪ੍ਰਕ੍ਰਿਤੀਵਾਦ ਦਾ ਮੈਨੀਫੈਸਟੋ' ਦਿੱਤਾ ਸੀ, ਇਹ ਉਹ ਕੁਝ ਹੈ। ਦਲਿਤ ਸਾਹਿਤ ਆਪਣੇ ਆਪ ਵਿੱਚ ਇੱਕ ਪ੍ਰਕ੍ਰਿਤੀਵਾਦੀ ਸਾਹਿਤ ਹੈ। ਇਸ ਤੋਂ ਵੱਧ ਕੁਝ ਨਹੀਂ ਹੈ।

•••



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ — 20. ਰੁਪਏ